Fair Advice Financial | Care
RDSP (Registered Disability Savings Plan)
Disabled person who is eligible for Disability Tax Credit
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact:
647-951-7900
SUKHWINDER NAHAL CFP, CLU
Financial Planner
www.fairadvicefinancial.com

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LLB
416-213-8600

To view our online newspaper visit punjabipost.ca/epaper | Vol 23* Issue 72 | Thursday, April 18, 2024 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# 20 ਮਿਲੀਅਨ ਡਾਲਰ ਦਾ ਸੋਨਾ ਪੀਅਰਸਨ ਏਅਰਪੋਰਟ ਤੋਂ ਚੋਰੀ ਕਰਨ ਵਾਲੇ 9 ਵਿਅਕਤੀਆਂ ਨੂੰ ਕੀਤਾ ਗਿਆ ਚਾਰਜ



ਟੋਰਾਂਟੋ, 17 ਅਪਰੈਲ (ਪੋਸਟ ਬਿਊਰੋ) : ਇੱਕ ਸਾਲ ਪਹਿਲਾਂ ਟੋਰਾਂਟੋ ਪੀਅਰਸਨ ਏਅਰਪੋਰਟ ਤੋਂ 20 ਮਿਲੀਅਨ ਡਾਲਰ ਦਾ ਸੋਨਾ ਚੋਰੀ ਕਰਨ ਦੇ ਸਬੰਧ ਵਿੱਚ ਪੁਲਿਸ ਨੇ ਨੌਂ ਵਿਅਕਤੀਆਂ ਨੂੰ ਚਾਰਜ ਕੀਤਾ ਹੈ। ਇਨ੍ਹਾਂ ਵਿੱਚ ਏਅਰ ਕੈਨੇਡਾ ਦੇ ਮੁਲਾਜ਼ਮ ਵੀ ਸ਼ਾਮਲ ਹਨ। ਇਹ ਜਾਣਕਾਰੀ ਪੀਲ ਰੀਜਨਲ ਪੁਲਿਸ ਨੇ ਦਿੱਤੀ।

ਬੁੱਧਵਾਰ ਨੂੰ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਪੁਲਿਸ ਨੇ ਯੂਐਸ ਅਲਕੋਹਲ, ਟੋਬੈਕੋ ਐਂਡ ਫਾਇਰਆਰਮ ਬਿਊਰੋ ਦੀ ਮੌਜੂਦਗੀ ਵਿੱਚ ਇਨ੍ਹਾਂ ਗ੍ਰਿਫਤਾਰੀਆਂ ਦਾ ਐਲਾਨ ਕੀਤਾ। ਇਸ ਸਾਂਝੀ ਜਾਂਚ ਨੂੰ ਪ੍ਰੋਜੈਕਟ 24 ਕੇ ਦਾ ਨਾਂ ਦਿੱਤਾ ਗਿਆ ਸੀ ਜੋ ਕਿ 24 ਕੈਰੇਟ ਗੋਲਡ ਦਾ ਹੀ ਨਿੱਕਾ ਨਾਂ ਸੀ।ਪੀਲ ਪੁਲਿਸ ਦੇ ਚੀਫ ਨਿਸ਼ਾਨ ਦੁਰੱਈਅੱਪਾ ਨੇ ਆਖਿਆ ਕਿ ਇਹ ਕਹਾਣੀ ਤਾਂ ਨੈੱਟਫਲਿਕਸ ਸੀਰੀਜ਼ ਵਰਗੀ ਲੱਗੀ।

ਨੌਂ ਵਿੱਚੋਂ ਤਿੰਨ ਮਸ਼ਕੂਕਾਂ ਦੀ ਪਛਾਣ 25 ਸਾਲਾ ਦੁਰਾਂਤੇ ਕਿੰਗ ਮੈਕਲੀਨ, 34 ਸਾਲਾ ਪ੍ਰਸਾਥ ਪਰਮਾਲਿੰਗਮ ਤੇ 36 ਸਾਲਾ ਅਰਚਿਤ ਗਰੇਵਰ, ਇਹ ਸਾਰੇ ਬਰੈਂਪਟਨ ਤੋਂ ਹਨ, ਵਜੋਂ ਕੀਤੀ ਗਈ ਹੈ। ਕਿੰਗ ਮੈਕਲੀਨ ਤੇ ਗਰੇਵਰ ਕੈਨੇਡਾ ਭਰ ਵਿੱਚ ਵਾਂਟਿਡ ਹਨ। ਇਨ੍ਹਾਂ ਤੋਂ ਇਲਾਵਾ ਬਰੈਂਪਟਨ ਦੇ 54 ਸਾਲਾ ਪਰਮਪਾਲ ਸਿੱਧੂ (ਜੋ ਕਿ ਏਅਰ ਕੈਨੇਡਾ ਦਾ ਮੁਲਾਜ਼ਮ ਸੀ), ਓਕਵਿੱਲ ਤੋਂ 40 ਸਾਲਾ ਅਮਿਤ ਜਲੋਟਾ, ਜਾਰਜਟਾਊਨ ਤੋਂ 43 ਸਾਲਾ ਅਮਾਦ ਚੌਧਰੀ, ਟੋਰਾਂਟੋ ਤੋਂ 37 ਸਾਲਾ ਅਲੀ ਰਜ਼ਾ ਤੇ ਪਰਮਾਲਿੰਗਮ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਸ਼ਰਤਾਂ ਉੱਤੇ ਰਿਹਾਅ ਕਰ ਦਿੱਤਾ ਗਿਆ।

ਬਰੈਂਪਟਨ ਦੇ 31 ਸਾਲਾ ਸਿਮ-ਰਨਪ੍ਰੀਤ ਪਨੇਸਰ, ਜੋ ਕਿ ਏਅਰ ਕੈਨੇਡਾ ਦਾ ਮੁਲਾਜ਼ਮ ਸੀ ਤੇ ਚੋਰੀ ਸਮੇਂ ਏਅਰਲਾਈਨ ਨਾਲ ਕੰਮ ਕਰ ਰਿਹਾ ਸੀ, ਦੇ ਨਾਲ ਨਾਲ ਬਰੈਂਪਟਨ ਦੇ 42 ਸਾਲਾ ਅਰਸਾਲਾਨ ਚੌਧਰੀ ਤੇ ਗਰੇਵਰ ਦੇ ਕੈਨੇਡਾ ਭਰ ਲਈ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਕਿੰਗ ਮੈਕਲੀਨ, ਪਰਮਾਲਿੰਗਮ ਤੇ ਗਰੇਵਰ ਨੂੰ ਅਮਰੀਕਾ ਵਿੱਚ ਇੰਟਰਨੈਸ਼ਨਲ ਪੱਧਰ ਉੱਤੇ ਹਥਿਆਰਾਂ ਦੀ ਸਮਗਲਿੰਗ ਲਈ ਦੋਸ਼ੀ ਪਾਇਆ ਜਾ ਚੁੱਕਿਆ ਹੈ।

ਅਮਰੀਕੀ ਅਧਿਕਾਰੀਆਂ ਨੂੰ ਸਤੰਬਰ 2023 ਵਿੱਚ ਉਸ ਸਮੇਂ ਇਸ ਜਾਂਚ ਵਿੱਚ ਸ਼ਾਮਲ ਕੀਤਾ ਗਿਆ ਜਦੋਂ ਚੋਰੀ ਤੋਂ ਕੁੱਝ ਮਹੀਨੇ ਬਾਅਦ ਮਸ਼ਕੂਕ ਕਿੰਗ ਮੈਕਲੀਨ ਨੂੰ ਪੈਨਿਨਸਿਲਵੇਨੀਆਂ ਵਿੱਚ ਮੋਟਰ ਵ੍ਹੀਕਲ ਉਲੰਘਣਾ ਦੇ ਸਬੰਧ ਵਿੱਚ ਰੋਕਿਆ ਗਿਆ। ਪੁਲਿਸ ਨੇ ਪਾਇਆ ਕਿ ਇਸ ਦੌਰਾਨ ਪੈਦਲ ਹੀ ਫਰਾਰ ਹੋਇਆ ਮੈਕਲੀਨ ਦੇਸ਼ ਵਿੱਚ ਗੈਰਕਾਨੂੰਨੀ ਤੌਰ ਉੱਤੇ ਘੁੰਮ ਰਿਹਾ ਸੀ।ਇਸ ਸਮੇਂ ਉਹ ਅਮਰੀਕੀ ਪੁਲਿਸ ਦੀ ਹਿਰਾਸਤ ਵਿੱਚ ਹੈ ਪਰ ਚੋਰੀ ਦੇ ਸਬੰਧ ਵਿੱਚ ਕੈਨੇਡਾ ਭਰ ਵਿੱਚ ਉਹ ਵਾਂਟਿਡ ਹੈ।ਉਸ ਦੀ ਗੱਡੀ ਦੀ ਤਲਾਸ਼ੀ ਲਏ ਜਾਣ ਉੱਤੇ 65 ਹਥਿਆਰ ਮਿਲੇ ਜਿਨ੍ਹਾਂ ਨੂੰ ਗੈਰਕਾਨੂੰਨੀ ਢੰਗ ਨਾਲ ਕੈਨੇਡਾ ਵਿੱਚ ਸਮਗਲ ਕੀਤਾ ਜਾਣਾ ਸੀ। ਅਮਰੀਕਾ ਦੇ ਅਟਾਰਨੀ ਆਫਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਪਰਮਾਲਿੰਗਮ ਵੀ ਹਥਿਆਰਾਂ ਦੀ ਇਸ ਸਮਗਲਿੰਗ ਵਿੱਚ ਕਿੰਗ ਮੈਕਲੀਨ ਨਾਲ ਸ਼ਾਮਲ ਸੀ।

ਜ਼ਿਕਰਯੋਗ ਹੈ ਕਿ 6,600 ਗੋਲਡ ਬਾਰਜ਼ ਵਾਲੀ ਫਲਾਈਟ ਜਿਊਰਿਖ਼, ਸਵਿੱਟਜ਼ਰਲੈਂਡ ਤੋਂ 18 ਅਪਰੈਲ, 2023 ਨੂੰ ਦੁਪਹਿਰੇ 4:00 ਵਜੇ ਤੋਂ ਪਹਿਲਾਂ ਪੀਅਰਸਨ ਏਅਰਪੋਰਟ ਉਤਰੀ। ਪੁਲਿਸ ਨੇ ਦੱਸਿਆ ਕਿ ਇਸ ਸੋਨੇ ਦੀ ਖੇਪ ਨੂੰ ਇੱਕ ਕੰਟੇਨਰ ਵਿੱਚ ਏਅਰ ਕੈਨੇਡਾ ਦੇ ਏਅਰਪੋਰਟ ਸਥਿਤ ਗੋਦਾਮ ਵਿੱਚ ਜਮ੍ਹਾਂ ਕਰਵਾ ਦਿੱਤਾ ਗਿਆ।18 ਅਪਰੈਲ, 2023 ਨੂੰ 3:00 ਵਜੇ ਤੋਂ ਪਹਿਲਾਂ ਪੀਲ ਰੀਜਨਲ ਪੁਲਿਸ ਨੂੰ ਰਿਪੋਰਟ ਕੀਤਾ ਗਿਆ ਕਿ 400 ਕਿੱਲੋ ਸੋਨੇ, ਜਿਸ ਦਾ ਮੁੱਲ 20 ਮਿਲੀਅਨ ਡਾਲਰ ਤੇ ਜਿਸ ਵਿੱਚ 2 ਮਿਲੀਅਨ ਡਾਲਰ ਦੀ ਕਰੰਸੀ ਹੈ, ਚੋਰੀ ਹੋ ਗਿਆ ਹੈ।

ਪੀਲ ਰੀਜਨਲ ਪੁਲਿਸ ਅਧਿਕਾਰੀਆਂ ਨੇ ਇੱਕ ਟਰਾਂਸਪੋਰਟ ਟਰੱਕ ਨੂੰ ਟਰੈਕ ਕੀਤਾ, ਜਿਸ ਵਿੱਚ ਚੋਰੀ ਦਾ ਸੋਨਾ ਸੀ ਤੇ ਜਿਸ ਨੂੰ ਬੁੱਧਵਾਰ ਨੂੰ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਵੀ ਪੇਸ਼ ਕੀਤਾ ਗਿਆ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਡਰਾਈਵਰ ਕਿੰਗ ਮੈਕਲੀਨ ਸੀ ਤੇ ਸੋਨੇ ਦੀ ਵਰਤੋਂ ਬਰੇਸ-ਲੇਟਸ ਤੇ ਹੋਰ ਗਹਿਣੇ ਆਦਿ ਬਣਾਉਣ ਲਈ ਕੀਤੀ ਗਈ।ਇਹ ਸੋਨਾ ਵੇਚ ਕੇ ਕਮਾਏ ਗਏ 430,000 ਡਾਲਰ ਦੇ ਮੁਨਾਫੇ ਨੂੰ ਵੀ ਬਰਾਮਦ ਕਰ ਲਿਆ ਗਿਆ ਹੈ। ਇਸ ਦੌਰਾਨ ਗ੍ਰਿਫਤਾਰ ਕੀਤੇ ਗਿਆ ਵਿਅਕਤੀ ਰਜ਼ਾ ਚੋਰੀ ਸਮੇਂ ਜਿਊਲਰੀ ਸਟੋਰ ਆਪਰੇਟ ਕਰ ਰਿਹਾ ਸੀ।




HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA
Insurance Broker
Dir: 647-928-4990
www.ufsinsurance.com
# 25-831 Bovaird Dr. W. Brampton, ON L6X0T9

MagGas Medical Brampton
MGM MAGGAS MEDICAL INC.
(647) 954-9885
20 Maritime Ont Blvd Unit 15 Brampton, ON L6S 0C2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Tel: 905-913-2355
25 Cherrycrest Drive, Unit # 6 Brampton, ON. L6P 3W4
Aman Sharma
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
- Mouse & Rats - Spiders & Fleas - Bedbugs - Wasps
- Cockroaches - Carpenter Ants - Silver Fish - Racoons
Call : PARESH PATEL
416 938 4598

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99%
The Mortgage Centre
Avon Financial
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law - Business Law
- Wills & Estates - Family Law
- Power of Attorney - Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
T: 905 799 9333

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

## ਅੱਜ ਨਾਮਾ >>

ਵਿਗੜਦੀ ਆਗੂਆਂ ਦੀ ਜਾਂਦੀ ਬੋਲ-ਬਾਣੀ,
ਜੋ ਵੀ ਮੂੰਹ ਆਵੇ, ਜਾਂਦੇ ਫਿਰ ਬੋਲ ਬੇਲੀ।
ਲੱਗਦਾ ਲੋਕਾਂ ਨੂੰ ਇਹੋ ਜਿਹਾ ਕਈ ਵਾਰੀ,
ਕੁਚੱਜੇ ਲਫਜ਼ ਭਾਲਣ ਲੀਡਰ ਟੋਲ ਬੇਲੀ।
ਫਸ ਜਾਣ ਜਦੋਂ ਤਾਂ ਇਹੋ ਦਲੀਲ ਵਰਤਣ,
ਐਵੇਂ ਕਿਹਾ ਗਿਆ ਸ਼ਬਦ ਅਣਭੋਲ ਬੇਲੀ।
ਕਹੇ ਸ਼ਬਦ ਦੇ ਅਰਥ ਕੁਝ ਇਸ ਤਰ੍ਹਾਂ ਦੇ,
ਬਚੀ ਨਹੀਂ ਸ਼ਰਮ-ਹਯਾ ਉਸ ਕੋਲ ਬੇਲੀ।
ਸੂਬਾ ਭਾਰਤ ਦਾ ਕਦੇ ਕੋਈ ਵੇਖ ਲਉ ਤਾਂ,
ਉੱਨੀ-ਇੱਕੀ ਦਾ ਮਸਾਂ ਇਹ ਫਰਕ ਬੇਲੀ।
ਪੁਰਾਤਨ ਯੁੱਗਾਂ ਦਾ ਸਾਊ ਹੈ ਦੇਸ਼ ਜਿਹੜਾ,
ਬਣਾਇਆ ਲੀਡਰਾਂ ਪਿਆ ਹੈ ਨਰਕ ਬੇਲੀ।

**ਤੀਸ ਮਾਰ ਖਾਂ**

# ਕੈਨੇਡੀਅਨਜ਼ ਦੀਆਂ ਮੁਸ਼ਕਲਾਂ ਘੱਟ ਕਰਨ ਦੀ ਥਾਂ ਵਧਾ ਰਹੀ ਹੈ ਟਰੂਡੋ ਸਰਕਾਰ

ਓਟਵਾ, 17 ਅਪਰੈਲ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਨੁਕਤਾਚੀਨੀ ਕਰਦਿਆਂ ਆਖਿਆ ਕਿ ਅੱਠ ਸਾਲ ਸੱਤਾ ਵਿੱਚ ਰਹਿਣ ਤੋਂ ਬਾਅਦ ਵੀ ਉਹ ਕਿਸੇ ਕੰਮ ਦੇ ਨਹੀਂ ਹਨ।

ਉਨ੍ਹਾਂ ਆਖਿਆ ਕਿ ਟਰੂਡੋ ਦੇ ਸ਼ਾਸਨਕਾਲ ਵਿੱਚ ਕਿਰਾਏ ਦੁੱਗਣੇ ਹੋ ਗਏ, ਮਾਰਗੇਜ ਪੇਅਮੈਂਟਸ ਤੇ ਡਾਊਨਪੇਅਮੈਂਟਸ ਦੇ ਭਾਅ ਵੱਧ ਗਏ ਜਦਕਿ ਰਿਕਾਰਡ ਤੋੜ ਘਾਟੇ ਕਾਰਨ ਵਿਆਜ਼ ਦਰਾਂ ਵਿੱਚ ਭਾਰੀ ਵਾਧਾ ਵੇਖਣ ਨੂੰ ਮਿਲਿਆ। ਇਨ੍ਹਾਂ ਕਾਰਨਾਂ ਕਰਕੇ ਕੈਨੇਡੀਅਨਜ਼ ਨੂੰ ਦੋ ਵਕਤ ਦਾ ਗੁਜ਼ਾਰਾ ਕਰਨਾ ਮੁਸ਼ਕਲ ਹੋਇਆ ਪਿਆ ਹੈ। ਉਨ੍ਹਾਂ ਆਖਿਆ ਕਿ ਟਰੂਡੋ ਦੇ ਕੈਨੇਡਾ ਵਿੱਚ ਤੁਸੀਂ ਰਹਿਣਾ ਤਾਂ ਕੀ ਮਰਨਾ ਵੀ ਅਫੋਰਡ ਨਹੀਂ ਕਰ ਸਕਦੇ। ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੀ ਮਿਸਾਲ ਦਿੰਦਿਆਂ ਪੌਲੀਏਵਰ ਨੇ ਆਖਿਆ ਕਿ ਹਸਪਤਾਲ ਦੇ ਬਾਹਰ 28 ਲਾਸ਼ਾਂ ਫਰੀਜ਼ਰ ਵਿੱਚ ਪਈਆਂ ਹਨ ਪਰ ਉਨ੍ਹਾਂ ਨੂੰ ਉੱਥੋਂ ਲਿਜਾਇਆ ਨਹੀਂ ਜਾ ਰਿਹਾ ਕਿਉਂਕਿ ਉਨ੍ਹਾਂ ਦੇ ਪਰਿਵਾਰ ਉਨ੍ਹਾਂ ਨੂੰ ਦਫਨਾਉਣਾ ਅਫੋਰਡ ਨਹੀਂ ਕਰ ਪਾ ਰਹੇ।

ਅੱਜ ਸਟੈਟੇਸਟਿਕਸ ਕੈਨੇਡਾ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਮਹਿੰਗਾਈ ਵਿੱਚ ਟਰੂਡੋ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਖਰਚਿਆਂ ਤੇ ਕਾਰਬਨ ਟੈਕਸ ਕਾਰਨ ਕੈਨੇਡੀਅਨਜ਼ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਗਈ ਹੈ। ਟਰੂਡੋ ਦੇ ਆਰਥਿਕ ਕੁਪ੍ਰਬੰਧਾਂ ਕਰਕੇ ਕੈਨੇਡਾ ਵਿੱਚ ਮਹਿੰਗਾਈ ਐਨੀ ਵੱਧ ਗਈ ਹੈ। ਇੱਥੋਂ ਤੱਕ ਕਿ ਮਾਰਗੇਜ ਇੰਟਰਸਟ ਕੌਸਟ ਹੀ



25 ਫੀ ਸਦੀ ਤੋਂ ਟੱਪ ਗਈ ਹੈ ਤੇ ਗੈਸ ਦੀਆਂ ਕੀਮਤਾਂ 4.5 ਫੀ ਸਦੀ ਤੱਕ ਉੱਪਰ ਚਲੀਆਂ ਗਈਆਂ ਹਨ।

ਪੌਲੀਏਵਰ ਨੇ ਆਖਿਆ ਕਿ ਟਰੂਡੋ ਨੂੰ ਇਹ ਸਮਝ ਨਹੀਂ ਆਉਂਦਾ ਕਿ ਜੇ ਤੁਸੀਂ ਕਿਸਾਨਾਂ ਉੱਤੇ ਟੈਕਸ ਲਾਵੋਂਗੇ ਤਾਂ ਖਾਣਾ ਕੌਣ ਪ੍ਰੋਡਿਊਸ ਕਰੇਗਾ। ਇੱਥੇ ਹੀ ਬੱਸ ਨਹੀਂ ਕਾਰਬਨ ਟੈਕਸ ਦਾ ਸੇਕ ਉਨ੍ਹਾਂ ਟਰੱਕਰਜ਼ ਨੂੰ ਵੀ ਲੱਗੇਗਾ ਜਿਹੜੇ ਫੂਡ ਸ਼ਿੱਪ ਕਰਦੇ ਹਨ, ਗਰੌਸਰਜ਼ ਜਿਹੜੇ ਫੂਡ ਵੇਚਦੇ ਹਨ ਤੇ ਉਹ ਪਰਿਵਾਰ ਜਿਹੜੇ ਫੂਡ ਖਰੀਦਦੇ ਹਨ ਸਾਰੇ ਹੀ ਇਸ ਕਾਰਬਨ ਟੈਕਸ ਦੀ ਚਪੇਟ ਵਿੱਚ ਆਉਣਗੇ। ਇਹ ਉਨ੍ਹਾਂ ਸਾਰੇ ਕੈਨੇਡੀਅਨਜ਼ ਨੂੰ ਵੀ ਪ੍ਰਭਾਵਿਤ ਕਰੇਗਾ ਜਿਹੜੇ ਕੁੱਝ ਵੇਚਦੇ ਜਾਂ ਖਰੀਦਦੇ ਹਨ।

ਇਸ ਦੇ ਨਤੀਜੇ ਵਜੋਂ ਬੈਂਕ ਆਫ ਕੈਨੇਡਾ ਨੂੰ ਆਪਣੀਆਂ ਵਿਆਜ਼ ਦਰਾਂ ਵੱਧ ਰੱਖਣੀਆਂ ਪੈਣਗੀਆਂ। ਇਸ ਤੋਂ ਸਾਫ ਹੁੰਦਾ ਹੈ ਕਿ ਟਰੂਡੋ ਨੂੰ ਕਿਸੇ ਦੀ ਨਹੀਂ ਪਈ ਤੇ ਉਹ ਕਿਸੇ ਬਾਰੇ ਨਹੀਂ ਸੋਚ ਰਹੇ। ਪੌਲੀਏਵਰ ਨੇ ਆਖਿਆ ਕਿ ਕੰਜ਼ਰਵੇਟਿਵ ਉਸ ਸੂਰਤ ਵਿੱਚ ਹੀ ਬਜਟ ਦਾ ਸਮਰਥਨ ਕਰਨਗੇ ਜੇ ਟਰੂਡੋ ਸਰਕਾਰ ਕਿਸਾਨਾਂ ਤੇ ਫੂਡ ਤੋਂ ਟੈਕਸ ਹਟਾਉਣ ਲਈ ਬਿੱਲ ਸੀ 234 ਨੂੰ ਉਸ ਦੇ ਅਸਲ ਰੂਪ ਵਿੱਚ ਪਾਸ ਕਰੇ, ਘਰਾਂ ਦਾ ਨਿਰਮਾਣ ਕਰੇ ਤੇ ਵਿਆਜ਼ ਦਰਾ ਤੇ ਮਹਿੰਗਾਈ ਨੂੰ ਘੱਟ ਕਰੇ।

## ਓਨਟਾਰੀਓ ਵਿੱਚ ਇਸ ਹਫਤੇ ਵੱਧ ਸਕਦੀਆਂ ਹਨ ਗੈਸ ਦੀਆਂ ਕੀਮਤਾਂ

ਓਨਟਾਰੀਓ, 17 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵਿੱਚ ਇਸ ਹਫਤੇ ਦੇ ਅੰਤ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਵੇਖਣ ਨੂੰ ਮਿਲ ਸਕਦਾ ਹੈ। ਇੰਡਸਟਰੀ ਦੇ ਇੱਕ ਮਾਹਿਰ ਦਾ ਕਹਿਣਾ ਹੈ ਕਿ ਪ੍ਰੋਵਿੰਸ ਵਿੱਚ ਇਸ ਪੱਧਰ ਤੱਕ ਦੋ ਸਾਲਾਂ ਤੋਂ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਨਹੀਂ ਹੋਇਆ।

ਕੈਨੇਡੀਅਨਜ਼ ਫੌਰ ਅਫੋਰਡੇਬਲ ਐਨਰਜੀ ਦੇ ਪ੍ਰੈਜ਼ੀਡੈਂਟ ਡੈਨ ਮੈਕਟੀਗ ਦਾ ਕਹਿਣਾ ਹੈ ਕਿ ਓਨਟਾਰੀਓ ਤੇ ਕਿਊਬਿਕ ਦੋਵਾਂ ਵਿੱਚ ਵੀਰਵਾਰ ਨੂੰ 14 ਫੀ ਸਦੀ ਤੱਕ ਪ੍ਰਤੀ ਲੀਟਰ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਹੋ ਸਕਦਾ ਹੈ। ਓਨਟਾਰੀਓ ਭਰ ਵਿੱਚ ਇਸ ਨਾਲ ਪ੍ਰਤੀ ਲੀਟਰ ਗੈਸ ਦੀਆਂ ਕੀਮਤਾਂ ਵਿੱਚ 1.79 ਡਾਲਰ ਦਾ ਵਾਧਾ ਹੋ ਸਕਦਾ ਹੈ। ਮੈਕਟੀਗ ਦਾ ਕਹਿਣਾ ਹੈ ਕਿ 2 ਅਗਸਤ, 2022 ਤੋਂ ਬਾਅਦ ਗੈਸ



ਦੀਆਂ ਕੀਮਤਾਂ ਵਿੱਚ ਐਨਾ ਵਾਧਾ ਪਹਿਲਾਂ ਕਦੇ ਨਹੀਂ ਹੋਇਆ। ਕਿਊਬਿਕ ਵਿੱਚ ਪ੍ਰਤੀ ਲੀਟਰ ਗੈਸ ਦੀਆਂ ਕੀਮਤਾਂ 1.88 ਡਾਲਰ ਤੱਕ ਅੱਪੜ ਸਕਦੀਆਂ ਹਨ।

ਪਿਛਲੇ ਮਹੀਨੇ ਮੈਕਟੀਗ ਨੇ ਇਹ ਚੇਤਾਵਨੀ ਵੀ ਦਿੱਤੀ ਸੀ ਕਿ ਕਾਰਬਨ ਟੈਕਸ ਵਿੱਚ ਵਾਧੇ ਤੇ ਤੇਲ ਤੇ ਗੈਸ ਦੀਆਂ ਕੀਮਤਾਂ ਵਿੱਚ ਹੋਣ ਵਾਲੇ ਵਾਧੇ ਕਾਰਨ ਇਸ ਬਸੰਤ ਤੇ ਗਰਮੀਆਂ ਦੇ ਮੌਸਮ ਵਿੱਚ ਗੈਸ ਦੀਆਂ ਕੀਮਤਾਂ ਵੱਧ ਰਹਿਣ ਦੀ ਸੰਭਾਵਨਾ ਹੈ।

## ਸਪੀਕਰ ਵੱਲੋਂ ਕੈਫੀਯੇਹ ਉੱਤੇ ਲਾਈ ਪਾਬੰਦੀ ਵਾਲਾ ਫੈਸਲਾ ਬਦਲਣ ਦੀ ਫੋਰਡ ਨੇ ਕੀਤੀ ਮੰਗ



ਓਨਟਾਰੀਓ, 17 ਅਪਰੈਲ (ਪੋਸਟ ਬਿਊਰੋ) :ਕੁਈਨਜ਼ ਪਾਰਕ ਵਿਖੇ ਕੈਫੀਯੇਹ ਉੱਤੇ ਸਪੀਕਰ ਟੈੱਡ ਆਰਨੌਟ ਵੱਲੋਂ ਪਾਬੰਦੀ ਲਾਉਣ ਦੇ ਫੈਸਲੇ ਨੂੰ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਪਲਟਾਉਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕਦਮ ਖਾਹਮਖਾਹ ਚੁੱਕਿਆ ਗਿਆ ਹੈ।

ਬੁੱਧਵਾਰ ਸ਼ਾਮ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਫੋਰਡ ਨੇ ਆਖਿਆ ਕਿ ਇਹ ਫੈਸਲਾ ਇੱਕਲਾ ਸਪੀਕਰ ਵੱਲੋਂ ਲਿਆ ਗਿਆ ਹੈ ਤੇ ਇਸ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਹੈ। ਉਨ੍ਹਾਂ ਆਖਿਆ ਕਿ ਇਸ ਨਾਲ ਸਾਡੀ ਪ੍ਰੋਵਿੰਸ ਦੇ ਲੋਕ ਬਿਨਾਂ ਮਤਲਬ ਵੰਡੇ ਜਾਣਗੇ। ਇਹ ਵੀ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਮੈਂਬਰਜ਼ ਨੂੰ ਕਦੋਂ ਇਹ ਨਿਰਦੇਸ਼ ਦਿੱਤੇ ਗਏ ਕਿ ਇਹ ਵਾਲੇ ਸਕਾਰਫ ਪਾ ਕੇ ਨਹੀਂ ਆਉਣੇ। ਆਮਤੌਰ ਉੱਤੇ ਇਹ ਸਕਾਰਫ ਅਰਬੀ ਲੋਕਾਂ ਵੱਲੋਂ ਪਾਏ ਜਾਂਦੇ ਹਨ ਤੇ ਇਹ ਵੀ ਮੰਨਿਆਂ ਜਾਂਦਾ ਹੈ ਕਿ ਇਹ ਫਲਸਤੀਨੀ ਮੂਵਮੈਂਟ ਨੂੰ ਸਮਰਥਨ ਦੇਣ ਲਈ ਪਾਏ ਜਾਂਦੇ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਫਰਵਰੀ ਵਿੱਚ ਸਪੀਕਰ ਨੇ ਮੈਂਬਰਾਂ ਨੂੰ ਇਹ ਆਖਿਆ ਸੀ ਕਿ ਸਿਆਸੀ ਸੁਨੇਹੇ ਦੇਣ ਵਾਲੀ ਅਸੈਂਸਰੀ ਪਾਉਣ ਉੱਤੇ ਮਨਾਹੀ ਹੈ। ਫੋਰਡ ਦੇ ਇਸ ਬਿਆਨ ਤੋਂ ਬਾਅਦ ਕਈ ਹੋਰ ਸਿਆਸਤਦਾਨਾਂ ਵੱਲੋਂ ਵੀ ਇਹ ਮੰਗ ਕੀਤੀ ਗਈ ਕਿ ਇਸ ਫੈਸਲੇ ਨੂੰ ਵਾਪਿਸ ਲਿਆ ਜਾਵੇ। ਓਨਟਾਰੀਓ ਐਨਡੀਪੀ ਆਗੂ ਮੈਰਿਟ ਸਟਾਈਲਜ਼ ਨੇ ਬੁੱਧਵਾਰ ਨੂੰ ਆਖਿਆ ਕਿ ਹਰ ਕਿਸੇ ਨੂੰ ਜੋ ਕੱਪੜੇ ਉਨ੍ਹਾਂ ਦੇ ਵਿਰਸੇ ਨੂੰ ਦਰਸਾਉਂਦੇ ਹਨ ਪਾ ਕੇ ਆਉਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਵਿਰੋਧੀ ਧਿਰ ਦੀ ਆਗੂ ਨੇ ਆਖਿਆ ਕਿ ਉਨ੍ਹਾਂ ਦੇ ਸਟਾਫ ਮੈਂਬਰਾਂ ਨੂੰ ਕੰਮ ਉੱਤੇ ਆਉਣ ਤੋਂ ਪਹਿਲਾਂ ਕੈਫੀਯੇਹ ਪਾ ਕੇ ਆਉਣ ਤੋਂ ਮਨ੍ਹਾਂ ਕੀਤਾ ਗਿਆ, ਜਿਸ ਨੂੰ ਸਵੀਕਾਰਿਆ ਨਹੀਂ ਜਾ ਸਕਦਾ।

# ਫਲਸਤੀਨ ਪੱਖੀ ਮੁਜ਼ਾਹਰੇ ਦੌਰਾਨ 4 ਵਿਅਕਤੀਆਂ ਨੂੰ ਕੀਤਾ ਗਿਆ ਗ੍ਰਿਫਤਾਰ

ਟੋਰਾਂਟੋ, 17 ਅਪਰੈਲ (ਪੋਸਟ ਬਿਊਰੋ) : ਸ਼ਹਿਰ ਦੇ ਪੱਛਮੀ ਸਿਰੇ ਉੱਤੇ ਰੇਲ ਲਾਈਨ ਨੂੰ ਬਲਾਕ ਕਰਨ ਵਾਲੇ ਫਲਸਤੀਨ ਪੱਖੀ ਮੁਜ਼ਾਹਰਾਕਾਰੀਆਂ ਦੇ ਗਰੁੱਪ ਵਿੱਚੋਂ ਪੁਲਿਸ ਨੇ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ।

ਟੋਰਾਂਟੋ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮੰਗਲਵਾਰ ਨੂੰ ਸ਼ਾਮੀਂ 5:00 ਵਜੇ ਦੇ ਨੇੜੇ ਤੇੜੇ ਡੂਪੋਂਟ ਸਟਰੀਟ ਤੇ ਡੰਡਾਸ ਸਟਰੀਟ ਵੈਸਟ ਨੇੜੇ ਪੇਲਹਾਮ ਐਵਨਿਊ ਤੇ ਓਸਲਰ ਸਟਰੀਟ ਦੇ ਟਰੈਕਸ ਨੂੰ 100 ਤੋਂ 120 ਮੁਜ਼ਾਹਰਾਕਾਰੀਆਂ ਵੱਲੋਂ ਬਲਾਕ ਕੀਤਾ ਗਿਆ ਸੀ। ਇਸ ਤੋਂ ਕੁੱਝ ਦੇਰ ਬਾਅਦ ਹੀ ਪੁਲਿਸ ਨੇ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ। ਬਾਅਦ ਵਿੱਚ ਪੁਲਿਸ ਨੇ ਇਸ ਬਿਆਨ ਨੂੰ ਦਰੁਸਤ ਕਰਦਿਆਂ ਦੱਸਿਆ ਕਿ ਸਿਰਫ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਿਸ ਦੇ ਬੁਲਾਰੇ ਨੇ ਇਸ ਗੱਲ ਦੀ ਪੁਸ਼ਟੀ ਵੀ ਕੀਤੀ ਕਿ ਦੋ ਮਹਿਲਾਵਾਂ, ਜੋ ਕਿ ਆਪਣੇ 30ਵਿਆਂ ਵਿੱਚ ਸਨ ਤੇ ਦੋ ਪੁਰਸ਼, ਜੋ ਕਿ ਆਪਣੇ 20ਵਿਆਂ ਵਿੱਚ ਸਨ, ਨੂੰ ਗੈਰਕਾਨੂੰਨੀ ਢੰਗ ਨਾਲ ਇੱਕਠੇ ਹੋਣ ਤੇ ਸ਼ਰਾਰਤ ਕਰਨ ਅਤੇ 5,000 ਡਾਲਰ ਤੋਂ ਵੱਧ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਲਈ ਚਾਰਜ ਕੀਤਾ ਗਿਆ ਹੈ। ਇਨ੍ਹਾਂ ਖਿਲਾਫ ਰੇਲਵੇ ਸੇਫਟੀ ਐਕਟ ਤਹਿਤ ਵੀ ਚਾਰਜਿਜ਼ ਲਾਏ ਜਾਣਗੇ। ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ।



## ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ ਹੋਈ ਗੋਲੀਬਾਰੀ ’ਚ ਇਕ ਬੱਚੀ ਦੀ ਮੌਤ, 7 ਜ਼ਖਮੀ

### ਜ਼ਖਮੀਆਂ ਵਿਚੋਂ 2 ਬੱਚਿਆਂ ਦੀ ਹਾਲਤ ਗੰਭੀਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ): ਸ਼ਿਕਾਗੋ (ਇਲੀਨੋਇਸ) ਵਿਚ ਇਕ ਪਰਿਵਾਰਕ ਸਮਾਗਮ ਦੌਰਾਨ ਬਾਹਰ ਖੜੇ ਬੱਚਿਆਂ ਉਪਰ ਚਲਾਈਆਂ ਗੋਲੀਆਂ ਦੇ ਸਿੱਟੇ ਵਜੋਂ ਇਕ 8 ਸਾਲਾ ਲੜਕੀ ਦੀ ਮੌਤ ਹੋਣ ਤੇ 7 ਹੋਰਨਾਂ ਦੇ ਜਖਮੀ ਹੋਣ ਦੀ ਖਬਰ ਹੈ। ਜਖਮੀਆਂ ਵਿਚ ਇਕ ਤੇ ਸੱਤ ਸਾਲ ਦੇ ਦੋ ਲੜਕੇ ਵੀ ਸ਼ਾਮਿਲ ਹਨ । ਪੁਲਿਸ ਅਨੁਸਾਰ ਲੜਕੀ ਜਿਸ ਦੇ ਸਿਰ ਵਿਚ ਗੋਲੀ ਵੱਜੀ ਸੀ, ਮੌਕੇ ਉਪਰ ਹੀ ਦਮ ਤੋੜ ਗਈ। ਸ਼ਿਕਾਗੋ ਪੁਲਿਸ ਡਿਪਟੀ ਚੀਫ ਡਾਨ ਜਰੋਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਇਕ ਤੇ ਸੱਤ ਸਾਲ ਦੇ ਲੜਕਿਆਂ ਦੇ ਇਕ ਤੋਂ ਵਧ ਗੋਲੀਆਂ ਵੱਜੀਆਂ ਹਨ ਜਿਨਾਂ ਦੀ ਹਾਲਤ ਗੰਭੀਰ ਹੈ। ਬਾਕੀ 5 ਜਖਮੀਆਂ ਵਿਚ 19 ਤੋਂ 40 ਸਾਲਾਂ ਦੇ ਵਿਅਕਤੀ ਸ਼ਾਮਿਲ ਹਨ ਜਿਨਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਜਰੋਮ ਨੇ ਕਿਹਾ ਹੈ ਕਿ ਇਹ ਅਚਾਨਕ ਵਾਪਰੀ ਘਟਨਾ ਨਹੀਂ ਹੈ। ਉਨਾਂ ਕਿਹਾ ਕਿ ਘਟਨਾ ਦਾ ਕਾਰਨ ਸਪੱਸ਼ਟ ਨਹੀਂ ਹੈ ਪਰੰਤੂ ਇਸ ਵਿਚ 3 ਨਿਰਦੋਸ਼ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਜਿਨਾਂ ਵਿਚੋਂ ਇਕ ਦੀ ਮੌਤ ਹੋ ਗਈ ਹੈ। ਉਨਾਂ ਕਿਹਾ ਕਿ ਮੌਕੇ ਦੇ ਗਵਾਹਾਂ ਅਨੁਸਾਰ 2 ਸ਼ੂਟਰ ਪੈਦਲ ਹੀ ਆਏ ਸਨ। ਅਜੇ ਤੱਕ ਸ਼ੱਕੀ ਹਮਲਾਵਰਾਂ ਦੀ ਪਛਾਣ ਨਹੀਂ ਹੋਈ ਤੇ ਨਾ ਹੀ ਕਿਸੇ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਪੁਲਿਸ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਘਟਨਾ ਸਬੰਧੀ ਕੋਈ ਜਾਣਕਾਰੀ ਹੈ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ।

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How International Students & Foreign workers can get their Immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

# ਵਿਸ਼ਵ ਦੇ ਮਹਾਨ ਖਿਡਾਰੀ 'ਭਾਗ ਮਿਲਖਾ ਭਾਗ' ਵਿਚਲਾ ਅਸਲੀ ਮਿਲਖਾ ਸਿੰਘ

-ਪ੍ਰਿੰ. ਸਰਵਣ ਸਿੰਘ-

ਮਿਲਖਾ ਸਿੰਘ ਤੇਜ਼ਤਰਾਰ ਦੌੜਾਂ ਦਾਬਾਦਸ਼ਾਹ ਸੀ। ਏਸ਼ੀਆ ਮਹਾਂਦੀਪ ਦਾ ਬੈੱਸਟ ਅਥਲੀਟ। ਉਸ ਨੇ ਕਾਮਨਵੈੱਲਥ ਤੇ ਏਸ਼ਿਆਈ ਖੇਡਾਂ ਵਿੱਚੋਂ ਪੰਜ ਗੋਲਡ ਮੈਡਲ ਜਿੱਤੇ ਸਨ। ਭਾਰਤ ਨੂੰ ਕਾਮਨਵੈਲਥ ਖੇਡਾਂ ਦਾ ਪਹਿਲਾ ਗੋਲਡ ਮੈਡਲ ਮਿਲਖਾ ਸਿੰਘ ਨੇ ਹੀ ਦੁਆਇਆ ਸੀ। ਉਸ ਨੇ ਤਿੰਨ ਓਲੰਪਿਕਸ ਵਿੱਚ ਭਾਗ ਲਿਆਸੀ ਤੇ ਰੋਮ ਦੀਆਂ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਦਾ-ਜਿੱਤਦਾ ਹਾਰ ਗਿਆ ਸੀ।ਉਥੇ ਉਹ ਪਹਿਲਾ ਓਲੰਪਿਕ ਰਿਕਾਰਡ ਮਾਤ ਪਾ ਗਿਆ ਸੀ। ਭਾਰਤੀ ਅਥਲੀਟਾਂ 'ਚ ਉਸ ਦੀ ਬੱਲੇ-ਬੱਲੇ ਸਭ ਤੋਂ ਵੱਧ ਹੋਈ। ਉਹ ਜਿਊਂਦੇ ਜੀਅ ਮਿੱਥ ਬਣ ਗਿਆ ਸੀ। ਉਸ ਦੇ ਜੀਵਨ 'ਤੇ ਆਧਾਰਿਤਬਣੀ ਫਿਲਮ 'ਭਾਗ ਮਿਲਖਾ ਭਾਗ' ਕਾਰਲ ਲੇਵਿਸ ਵਰਗੇ ਮਹਾਨ ਅਥਲੀਟ ਨੇ ਵੀ ਸਲਾਹੀ। ਉਸ ਨੂੰ 'ਫਲਾਈਂਗ ਸਿੱਖ'ਵੀ ਕਿਹਾ ਜਾਂਦਾਰਿਹਾ। ਇਹ ਖ਼ਿਤਾਬ ਉਸ ਨੂੰ ਲਾਹੌਰ ਦੇ ਸਟੇਡੀਅਮ ਵਿੱਚ ਮਿਲਿਆ ਸੀ। ਦੌੜ ਜਿੱਤਣ ਪਿੱਛੋਂ ਜਦੋਂ ਮਿਲਖਾ ਸਿੰਘ ਨੇ ਜੇਤੂ ਗੇੜੀ ਲਾਈ ਤਾਂ ਅਨਾਊਂਸਰ ਨੇ ਕਿਹਾ ਸੀ, "ਮਿਲਖਾ ਸਿੰਘ ਦੌੜਿਆ ਨਹੀਂ, ਉਡਿਆ ਹੈ। ਅਸੀਂ ਏਹਨੂੰ 'ਫਲਾਈਂਗ ਸਿੱਖ' ਦਾ ਖ਼ਿਤਾਬ ਦੇਨੇ ਆਂ!"

ਪਾਕਿਸਤਾਨ ਦੇ ਪ੍ਰੈਜ਼ੀਡੈਂਟ ਜਨਰਲ ਅਯੂਬ ਖਾਂ ਨੇ ਉਸ ਨੂੰ ਮੈਡਲ ਪਹਿਨਾਉਂਦਿਆਂ ਕਿਹਾ ਸੀ, "ਮਿਲਖਾ ਸਿੰਘ ਜੀ, ਤੁਸੀਂ ਵਾਕਿਆ ਈ 'ਫਲਾਈਂਗ ਸਿੱਖ' ਹੋ।"ਉਥੇ ਉਹ 200 ਮੀਟਰ ਦੀ ਦੌੜ 20.7 ਸੈਕੰਡ ਵਿੱਚ ਦੌੜਿਆ ਸੀ ਜੋ ਉਸ ਸਮੇਂਵਿਸ਼ਵ ਰਿਕਾਰਡਸੀ। ਰੋਮ ਵਿੱਚ ਉਹ 400 ਮੀਟਰ ਦੀ ਦੌੜ 45.6 ਸੈਕੰਡ ਵਿੱਚ ਦੌੜਿਆ। ਉਦੋਂ ਓਲੰਪਿਕ ਰਿਕਾਰਡ 45.9 ਸੈਕੰਡ ਦਾ ਸੀ। ਉਸ ਨੇ 80 ਇੰਟਰਨੈਸ਼ਨਲ ਦੌੜਾਂ 'ਚੋਂ 77 ਦੌੜਾਂ ਜਿੱਤੀਆਂ ਸਨ। ਇਕ ਸਮੇਂ 100, 200, 400 ਤੇ 4+400 ਮੀਟਰ ਦੌੜਾਂ ਦੇ ਚਾਰੇ ਨੈਸ਼ਨਲ ਰਿਕਾਰਡ ਉਹਦੇ ਨਾਂ ਸਨ। ਉਹਦਾ 400 ਮੀਟਰ ਦੌੜ ਦਾ ਰਿਕਾਰਡ ਭਾਰਤ ਦਾ ਕੋਈ ਹੋਰ ਦੌੜਾਕ 20ਵੀ ਸਦੀ ਤੇ ਅੰਤ ਤਕ ਵੀ ਨਹੀਂ ਸੀ ਤੋੜ ਸਕਿਆ। ਉਹ ਆਖ਼ਰ ਕੇਰਲਾ ਦੇ ਕੇ. ਐੱਮ. ਬੀਨੂ ਨੇ 2004 ਵਿੱਚ ਤੋੜਿਆ ਜਿਸ ਨੂੰ ਮਿਲਖਾ ਸਿੰਘ ਨੇ ਐਲਾਨ ਕੀਤਾ ਹੋਇਆ ਦੋ ਲੱਖ ਰੁਪਏ ਦਾ ਇਨਾਮ ਵੀ ਦਿੱਤਾ।

ਮਿਲਖਾ ਸਿੰਘ ਦਾ ਜਨਮ 20 ਨਵੰਬਰ 1932 ਨੂੰ ਪੱਛਮੀ ਪੰਜਾਬ ਦੇ ਪਿੰਡ ਗੋਬਿੰਦਪੁਰਾ, ਜ਼ਿਲ੍ਹਾ ਮੁਜ਼ੱਫਰਗੜ੍ਹ ਵਿੱਚ ਸੰਪੂਰਨ ਸਿੰਘ ਦੇ ਘਰ ਮਾਤਾ ਵਧਾਵੀ ਬਾਈ ਦੀ ਕੁੱਖੋਂ ਹੋਇਆ ਸੀ। ਉਹ ਅੱਠ ਭੈਣ ਭਰਾ ਸਨ। ਅਮੀਰ ਸਿੰਘ, ਦੌਲਤ ਸਿੰਘ, ਮੱਖਣ ਸਿੰਘ, ਮਿਲਖਾ ਸਿੰਘ, ਗੋਬਿੰਦ ਸਿੰਘ, ਈਸ਼ਰ, ਹਰਬੰਸ ਤੇ ਮਖਣੀ। ਦੇਸ਼-ਵੰਡ ਦੇ ਉਜਾੜੇ ਵੇਲੇ ਇਕ ਭੈਣ ਤੇ ਦੋ ਭਰਾ ਹੀ ਬਚ ਸਕੇ, ਬਾਕੀ ਸਾਰਾ ਪਰਿਵਾਰ ਕਤਲ ਕਰ ਦਿੱਤਾ ਗਿਆ ਸੀ। ਮਿਲਖਾ ਸਿੰਘ ਤੇ ਉਸ ਦੀ ਪਤਨੀ ਨਿਰਮਲ ਨਿੰਮੀ ਲੰਮੀ ਉਮਰ ਜੀਵੇ। ਦੋਵੇਂ ਪੰਜਾਬ ਤੇ ਚੰਡੀਗੜ੍ਹ ਦੇ ਸਪੋਰਟਸ ਡਾਇਰੈਕਟਰ ਰਹੇ। ਕੋਵਿਡ ਕਾਲ ਦੌਰਾਨ ਉਹ ਜੂਨ 2021 ਵਿੱਚ ਅੱਗੜ ਪਿੱਛੜ ਪਰਲੋਕ ਸਿਧਾਰੇ। ਆਪਣੇ ਪਿੱਛੇ ਪੁੱਤਰ ਜੀਵ ਮਿਲਖਾ ਸਿੰਘ ਤੇ ਤਿੰਨ ਧੀਆਂ ਦਾ ਭਰਿਆ ਪਰਿਵਾਰ ਛੱਡ ਗਏ।

ਉਮਰ ਦੇ ਆਖ਼ਰੀ ਸਾਲਾਂ 'ਚ ਮਿਲਖਾ ਸਿੰਘ ਨੇ ਆਪਣੀ ਧੀ ਸੋਨੀਆ ਸਨਵਾਲਕਾ ਤੋਂ ਅੰਗਰੇਜ਼ੀ ਵਿੱਚ ਆਪਣੀ ਆਟੋਬਾਇਓਗਰਾਫੀ ਲਿਖਵਾਈ: ਦਾ ਰੇਸ ਆਫ਼ ਮਾਈ ਲਾਈਫ਼। ਪਹਿਲਾਂ ਪੰਜਾਬੀ ਵਿੱਚ ਵੀ ਉਸ ਨੇ ਪ੍ਰਸਿੱਧ ਕਵੀ ਪਾਸ਼ ਤੋਂ ਆਪਣੀ ਸਵੈਜੀਵਨੀ ਲਿਖਵਾਈ ਸੀ: ਫਲਾਈਂਗ ਸਿੱਖ ਮਿਲਖਾ ਸਿੰਘ। 2020 ਵਿੱਚ ਮੈਂ ਵੀ ਉਸ ਦੀ ਜੀਵਨੀ 'ਉਡਣਾ ਸਿੱਖ ਮਿਲਖਾ ਸਿੰਘ' ਲਿਖੀ।

ਮਿਲਖਾ ਸਿੰਘ ਨੂੰ ਮੈਂ ਪਹਿਲੀ ਵਾਰ 1958 'ਚ ਫਿਲਮੀ ਪਰਦੇ 'ਤੇ ਦੌੜਦਾ ਵੇਖਿਆ ਸੀ। ਉਦੋਂ ਉਸ ਨੇ ਕਾਰਡਿਫ਼ ਦੀਆਂ ਕਾਮਨਵੈੱਲਥ ਖੇਡਾਂ 'ਚੋਂ ਗੋਲਡ ਮੈਡਲ ਜਿੱਤਿਆ ਸੀ। ਫਿਰ1962 'ਚ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿੱਚ ਦੌੜਦੇ ਵੇਖਿਆ। ਉਦੋਂ ਅਸੀਂ ਦਿੱਲੀ ਯੂਨੀਵਰਸਿਟੀ ਦੇ ਅਥਲੀਟ ਵੀ ਉਥੇਪ੍ਰੈਕਟਿਸਕਰਦੇ ਸਾਂ। ਪ੍ਰੈਕਟਿਸ ਪਿੱਛੋਂ ਜਦੋਂ ਉਹ ਵਿਹਲਾ ਹੋਇਆ ਤਾਂ ਮੈਂ ਉਹਦੇ ਨਾਲ ਹੱਥ ਮਿਲਾਇਆ ਸੀ। ਉਹਦੇ ਹੱਥ ਪਤਲੇ, ਕਲਾਈਆਂ ਵੀ ਪਤਲੀਆਂ ਤੇ ਗਿੱਟੇ-ਗੋਡੇ ਵੀ ਪਤਲੇ ਸਨ। ਸੁਤਵਾਂ ਚਿਹਰਾ ਤਕੜੇ ਖਿਡਾਰੀਆਂ ਵਰਗਾ ਨਹੀਂ ਅਨੀਂਦਰੇ ਮਾਰੇ ਪਾੜ੍ਹਿਆਂ ਵਰਗਾ ਸੀ। ਦੰਦ ਵੱਡੇ ਤੇ ਬੁੱਲ੍ਹ ਮੋਟੇ ਸਨ। ਗੱਲ੍ਹਾਂ ਜਾਭਾਂ 'ਚ ਵੜੀਆਂ ਪਈਆਂ ਸਨ। ਜੂੜਾ ਵੱਡਾ ਸੀ ਜੋ ਚਿੱਟੇ ਰੁਮਾਲ ਨਾਲ ਬੱਧਾ ਹੋਇਆ ਸੀ। ਉਦੋਂ ਮੇਰਾ ਵਜ਼ਨ ਤਾਂ ਸੱਤਰ ਕਿਲੋ ਸੀ ਜਦ ਕਿ ਮਿਲਖਾ ਸਿੰਘ ਦਾ ਵਜ਼ਨ ਮੈਨੂੰ ਸੱਠ ਕੁ ਕਿਲੋ ਲੱਗਾ ਸੀ। ਉਹਦੇ ਨਾਲ ਮੱਲਾਂ ਵਰਗੇ ਥਰੋਅਰ ਪ੍ਰਦੁੱਮਣ ਸਿੰਘ ਤੇ ਬਲਕਾਰ ਸਿੰਘ ਹੋਰੀਂ ਸਨ। ਮੱਖਣ ਸਿੰਘ ਸੀ, ਗੁਰਬਚਨ ਰੰਧਾਵਾ, ਤਰਲੋਕ ਸਿੰਘ ਤੇ ਮਹਿੰਦਰ ਸਿੰਘ ਹੋਰੀਂ ਦਸ ਪੰਦਰਾਂ ਅਥਲੀਟ ਸਨ ਜਿਹੜੇ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਲਈ ਤਿਆਰੀ ਕਰ ਰਹੇ ਸਨ।

ਮਿਲਖਾ ਸਿੰਘ ਦੀ ਜੀਵਨ ਕਹਾਣੀ ਦੌੜਾਂ ਦੀ ਐਸੀ ਗਾਥਾ ਹੈ ਜੋ ਜੱਗੋਂ ਨਿਆਰੀ ਹੈ। ਦੌੜਾਂਸਦਾ ਉਹਦੇ ਅੰਗ ਸੰਗਰਹੀਆਂ। ਉਹ ਸਕੂਲੇ ਜਾਂਦਾ ਤਾਂ ਸਕੂਲੋਂ ਦੌੜ ਜਾਂਦਾ। ਤਪਦੇ ਰਾਹਾਂ 'ਤੇ ਪੈਰ ਭੁੱਜਦੇ ਤਾਂ ਦੌੜ ਕੇ ਕਿਸੇ ਰੁੱਖ ਦੀ ਛਾਵੇਂ ਠੰਢੇ ਕਰਦਾ। ਇਕ ਰੁੱਖ ਦੀ ਛਾਂ ਤੋਂ ਦੂਜੇ ਰੁੱਖ ਦੀ ਛਾਂ ਵੱਲ ਦੌੜਦਾ। 1947 ਵਿੱਚ ਉਹ ਪਾਕਿਸਤਾਨ 'ਚੋਂ ਜਾਨ ਬਚਾ ਕੇ ਦੌੜਿਆ। ਪਹਿਲਾਂ ਮੁਲਤਾਨ, ਫਿਰ ਫਿਰੋਜ਼ਪੁਰ ਤੇ ਫਿਰ ਦਿੱਲੀ ਪੁੱਜਾ। ਦਿੱਲੀ ਉਹ ਰੇਲ ਗੱਡੀਆਂ ਬਰਾਬਰ ਦੌੜਿਆ ਤੇ ਚੋਰੀਆਂ ਚਕਾਰੀਆਂ ਕੀਤੀਆਂ। ਇੱਟਾਂ ਰੋੜੇ ਤੇ ਚਾਕੂ ਚਲਾਏ। ਪੁਲਿਸ ਫੜਨ ਲੱਗੀ ਤਾਂ ਦੌੜ ਕੇ ਬਚਿਆ। ਬੇਟਿਕਟਾ ਸਫ਼ਰ ਕਰਦਾ ਦੌੜਨ ਲੱਗਾ ਤਾਂ ਫੜਿਆ ਗਿਆ ਤੇ ਜੇਲ੍ਹ ਜਾ ਪੁੱਜਾ। ਭੈਣ ਨੇ ਵਾਲ਼ੀਆਂ ਗਹਿਣੇ ਰੱਖ ਕੇ ਜੇਲੋਂ ਛੁਡਾਇਆ। ਫਿਰ ਉਸ ਨੂੰ ਭੈਣ ਦੇ ਸਹੁਰਿਆਂ ਨੇ ਦੌੜਾਅ ਦਿੱਤਾ।

ਚੜ੍ਹਦੀ ਜੁਆਨੀ 'ਚ ਉਹ ਇਕ ਗ਼ਰੀਬੜੀ ਕੁੜੀ ਦੇ ਕੁਆਰੇ ਇਸ਼ਕ ਪਿੱਛੇ ਦੌੜਿਆ ਪਰ ਉਹ ਉਹਦੇ ਹੱਥ ਨਾ ਆਈ। ਇਕ ਅਮੀਰ ਕੁੜੀ ਉਹਦੇ ਮਗਰ ਦੌੜੀ ਜਿਸ ਨੂੰ ਮਿਲਖਾ ਸਿੰਘ ਨੇ ਡਾਹੀ ਨਾ ਦਿੱਤੀ। ਫ਼ੌਜ 'ਚ ਭਰਤੀ ਹੋਇਆ ਤਾਂ ਦੌੜ ਕੇ ਹੀ ਦੁੱਧ ਦਾ ਸਪੈਸ਼ਲ ਗਲਾਸ ਲੁਆਇਆ। ਦੌੜ ਦੌੜ ਕੇ ਤਰੱਕੀਆਂ ਪਾਈਆਂ ਤੇ ਸਿਪਾਹੀ ਤੋਂ ਜੇਸੀਓ ਬਣਿਆ। ਦੇਸ਼ਾਂ ਵਿਦੇਸ਼ਾਂ ਵਿੱਚ ਦੌੜ ਕੇ ਮੈਡਲ ਤੇ ਕੱਪ ਜਿੱਤਦਾ ਗਿਆ ਅਤੇ ਅਮਰੀਕਾ ਦੀ ਹੈਲਮਜ਼ ਟਰਾਫੀ ਨੂੰ ਜਾ ਹੱਥ ਪਾਇਆ। ਭਾਰਤ ਸਰਕਾਰ ਨੇ ਅਰਜੁਨਾ ਐਵਾਰਡ ਤੇ ਪਦਮਸ੍ਰੀ ਦੇ ਪੁਰਸਕਾਰਾਂ ਨਾਲ ਨਿਵਾਜਿਆ। ਰੋਮ ਦੀਆਂ ਓਲੰਪਿਕ ਖੇਡਾਂ 'ਚ ਪਹਿਲਾ ਓਲੰਪਿਕ ਰਿਕਾਰਡ ਤੋੜਿਆ ਤਾਂ ਕੁਲ ਦੁਨੀਆ 'ਚ ਮਿਲਖਾ ਮਿਲਖਾ ਹੋ ਗਈ। ਲਾਹੌਰ ਦੌੜਿਆ ਤਾਂ 'ਫਲਾਈਂਗ ਸਿੱਖ' ਦਾ ਖ਼ਿਤਾਬ ਮਿ-ਲਆ। ਮੁਸੀਬਤਾਂ ਉਸ ਨੂੰ ਵਾਰ ਵਾਰ ਘੇਰਦੀਆਂ ਰਹੀਆਂ ਪਰ ਉਹ ਉਨ੍ਹਾਂ ਦਾ ਸਾਹਮਣਾ ਕਰਦਾ ਅੱਗੇ ਹੀ ਅੱਗੇ ਦੌੜਦਾ ਗਿਆ। ਉਹਦੇ ਮਰ ਰਹੇ ਬਾਪ ਦੇਆਖ਼ਰੀ ਬੋਲ ਸਨ, "ਦੌੜ ਜਾ ਪੁੱਤਰਾ! ਦੌੜ ਜਾਹ...।"

1947 ਦੀ ਮਾਰ-ਧਾੜ 'ਚੋਂਜਾਨ ਬਚਾ ਕੇ ਉਹ ਅਜਿਹਾ ਦੌੜਿਆ ਕਿ ਸਾਰੀ ਉਮਰ ਦੌੜਦਾ ਹੀ ਰਿਹਾ। ਜਿਨ੍ਹਾਂ ਰਾਹਾਂ, ਪਹਿਆਂ, ਖੇਤਾਂ, ਡੰਡੀਆਂ, ਪਗਡੰਡੀਆਂ, ਪਟੜੀਆਂ, ਪਾਰਕਾਂ, ਟ੍ਰੇਲਾਂ, ਟ੍ਰੈਕਾਂ, ਸਟੇਡੀਅਮਾਂ ਤੇ ਗੌਲਫ਼ ਗਰਾਊਂਡਾਂ 'ਚ ਉਹ ਦੌੜਿਆ ਉਥੋਂ ਅੱਜ ਵੀ ਉਹਦੇ ਮੁੜ੍ਹਕੇ ਦੀ ਮਹਿਕ ਆ ਰਹੀ ਹੈ।

1966 'ਚ ਮਿਲਖਾ ਸਿੰਘ ਨਾਲ ਕੀਤੀ ਪਹਿਲੀ ਮੁਲਾਕਾਤਪਿੱਛੋਂ ਮੈਂ ਜਿਹੜਾ ਲੇਖ ਲਿਖਿਆ ਸੀ ਉਸ ਦੀਆਂ ਕੁਝ ਟੂਕਾਂ ਹਾਜ਼ਰ ਹਨ, "ਟ੍ਰੈਕਮਿਲਖਾ ਸਿੰਘ ਲਈ ਤੀਰਥ ਸਥਾਨ ਬਣ ਗਿਆ ਸੀ ਤੇ ਦੌੜਨਾ ਨਿਤਨੇਮ।ਦੌੜ ਉਹਦਾ ਇਸ਼ਟ ਬਣ ਗਈ ਸੀ। ਵਿਤੋਂ ਬਾਹਰਾ ਦੌੜਨ ਨਾਲ ਉਹ ਕਈ ਵਾਰ ਬੇਹੋਸ਼ ਹੋਇਆ ਤੇ ਲਹੂ ਦੀਆਂ ਉਲਟੀਆਂ ਕਰਦਾ ਰਿਹਾ। ਸਿਕੰਦਰਾਬਾਦ ਉਹਦਾ ਸੈਂਟਰ ਸੀ। ਫ਼ੌਜੀ ਬੈਰਕ ਤੇ ਟ੍ਰੈਕ ਉਹਦੀ ਦੁਨੀਆ ਸੀ। ਦੌੜਨ ਦੀ ਤਪੱਸਿਆ ਜਿਥੇ ਸਰੀਰ ਦਾ ਮੁੜ੍ਹਕਾ ਵਹਾਉਂਦੀ, ਲਹੂ ਪੀਂਦੀ, ਨਿਢਾਲ ਕਰਦੀ, ਰਾਤਾਂ ਨੂੰ ਵੀ ਦੌੜਾਂ ਲੁਆਉਂਦੀ, ਅਨੀਂਦਰੇ ਮਾਰਦੀ, ਉਥੇ ਜਿੱਤਾਂ ਜਿੱਤਣ ਦੀ ਤਾਂਘ 'ਚ ਇਹੋ ਤਪੱਸਿਆ ਉਹਨੂੰ ਗਗਨਾਂ ਦੇ ਪਰੀ-ਮੰਡਲਾਂ ਵਿੱਚ ਸੰਵਾ ਦਿੰਦੀ!

"ਟੋਕੀਓ-58 ਦੀਆਂ ਏਸ਼ਿਆਈ ਖੇਡਾਂ 'ਚ ਪਾਕਿਸਤਾਨ ਦਾ ਓਲੰਪੀਅਨ ਦੌੜਾਕ ਅਬਦੁੱਲ ਖ਼ਾਲਿਕ ਕਿਸੇ ਨੂੰ ਨਿਗ੍ਹਾ ਹੇਠ ਨਹੀਂ ਸੀ ਲਿਆਉਂਦਾ। ਉਹ 100 ਮੀਟਰ ਦੀ ਦੌੜ ਜਿੱਤ ਚੁੱਕਾ ਸੀ ਜਦਕਿ ਮਿਲਖਾ ਸਿੰਘ 400 ਮੀਟਰ ਦੀ। ਉਨ੍ਹਾਂ 'ਚੋਂ ਜਿਹੜਾ 200 ਮੀਟਰ ਦੀ ਦੌੜ ਜਿਤਦਾ ਉਹੀ ਏਸ਼ੀਆ ਦਾ ਬੈੱਸਟ ਅਥਲੀਟ ਬਣਨਾ ਸੀ। ਆਖ਼ਰ 200 ਮੀਟਰ ਦੌੜ ਸ਼ੁਰੂ ਹੋਈ। ਅਖ਼ੀਰ ਤਕ ਦੋਵੇਂ ਬਰਾਬਰ ਦੌੜਦੇ ਗਏ। ਹੱਲਾਸ਼ੇਰੀ ਦਿੰਦੇਦਰਸ਼ਕ ਪੱਬਾਂ ਭਾਰ ਖੜ੍ਹੇ ਹੋ ਗਏ। ਦੋਹੇਂ ਦੌੜਾਕ ਫੀਤੇ ਨੂੰ ਇਕੋ ਸਮੇਂ ਛੋਹੇ। ਦੌੜ ਪੂਰੀ ਕਰਦਿਆਂ ਮਿਲਖਾ ਸਿੰਘ ਲੜਖੜਾ ਕੇ ਡਿੱਗ ਪਿਆ। ਕਾਫੀ ਸਮਾਂ ਉਡੀਕਣ ਤੇ ਦੌੜ ਸਮਾਪਤੀ ਦੀ ਫੋਟੋ ਵਾਰ ਵਾਰ ਘੋਖਣ ਉਪਰੰਤ ਐਲਾਨ ਹੋਇਆ-ਮਿਲਖਾ ਸਿੰਘ ਫਸਟ! ਟਾਈਮ... ਤਾੜੀਆਂ ਦੀ ਗੂੰਜਾਰ ਵਿੱਚ ਟਾਈਮ ਕਿਸੇ ਨੇ ਵੀ ਨਾ ਸੁਣਿਆ।

"ਮਿਲਖਾ ਸਿੰਘ ਦੇ ਖੁਸ਼ੀ ਵਿੱਚ ਹੰਝੂ ਵਹਿ ਤੁਰੇ। ਤਸਵੀਰਾਂ ਖਿੱਚਣ ਲਈ ਕੈਮਰਿਆਂ ਦੀਆਂ ਅੱਖਾਂ ਜਗਣ ਬੁਝਣ ਲੱਗੀਆਂ। ਸਾਥੀਆਂ ਦੀਆਂ ਜੱਫੀਆਂ ਨੇ ਉਹਨੂੰ ਮਧੋਲ ਲਿਆ। ਡੌਰ-ਭੌਰ ਉਹ ਆਪਣੇ ਕਮਰੇ 'ਚ ਪੁੱਜਾ। ਉਹ ਸ਼ੀਸ਼ੇ ਸਾਹਮਣੇ ਖੜ੍ਹਾ ਹੋਇਆ। ਉਸ ਨੇ ਆਪਣੇ ਆਪ ਨੂੰ ਗਹੁ ਨਾਲ ਵੇਖਿਆ... ਭੁੱਜਦੇ ਪੈਰਾਂ ਨਾਲ ਤਪਦੇ ਰਾਹਾਂ 'ਤੇ ਰੁੱਖਾਂ ਦੀਆਂ ਛਾਵਾਂ ਵੱਲ ਦੌੜਦਾ, ਲਹੂ ਲਿਬੜੀ ਗੱਡੀ 'ਚ ਲੁਕ ਕੇ ਸਫ਼ਰ ਕਰਦਾ, ਸ਼ਰਨਾਰਥੀ ਕੈਂਪਾਂ 'ਚ ਰੁਲਦਾ, ਫ਼ੌਜੀਆਂ ਦੇ ਬੂਟ ਪਾਲਸ਼ ਕਰਦਾ, ਲੁਕਾਅ ਕੇ ਰੱਖੀ ਬੇਹੀ ਰੋਟੀ ਨਿਗਲਦਾ...। ਉਸ ਨੇ ਅੱਖਾਂ ਮੁੰਦ ਲਈਆਂ। ਸਿਰ ਬਾਹਾਂ ਵਿੱਚ ਘੁੱਟ ਲਿਆ ਤੇ ਮੰਜੇ 'ਤੇ ਲੇਟ ਗਿਆ। ਜੋ ਖ਼ੁਆਬ ਵਿੱਚ ਵੀ ਨਹੀਂ ਸੀ ਉਹ ਹਕੀਕਤ ਬਣ ਗਿਆ ਸੀ। ਜਪਾਨ ਦਾ ਸ਼ਹਿਨਸ਼ਾਹ ਉਹਨੂੰ ਵਧਾਈ ਦੇ ਰਿਹਾ ਸੀ। ਤਿਰੰਗਾ ਲਹਿਰਾ ਰਿਹਾ ਸੀ ਤੇ 'ਜਨ ਗਨ ਮਨ' ਗੂੰਜ ਰਿਹਾ ਸੀ। ਦੁਨੀਆ ਭਰ 'ਚ 'ਮਿਲਖਾ ਸਿੰਘ-ਮਿਲਖਾ ਸਿੰਘ' ਹੋ ਰਹੀ ਸੀ! ਹੋਰ ਉਸ ਨੂੰ ਕੀ ਚਾਹੀਦਾ ਸੀ?"


ਉਸ ਲੇਖ ਦੇ ਅੰਤ 'ਚ ਮੈਂ ਲਿਖਿਆ ਸੀ, "ਆਖ਼ਰ ਟੋਕੀਓ ਦੀ ਓਲੰਪਿਕ ਦੌੜ ਦੌੜਨ ਪਿੱਛੋਂ ਉਸ ਨੇ ਦੌੜਾਂ ਨੂੰ ਅਲਵਿਦਾ ਕਹਿ ਕੇ ਆਪਣੇ ਕਿੱਲਾਂ ਵਾਲੇ ਬੂਟ ਕਿੱਲੀ ਉਤੇ ਟੰਗ ਦਿੱਤੇ ਜੋ ਵੰਗਾਰ ਰਹੇ ਹਨ-ਆਵੇ ਕੋਈ ਨਿੱਤਰੇ!"


ਮਿਲਖਾ ਸਿੰਘ ਬਾਰੇ 'ਭਾਗ ਮਿਲਖਾ ਭਾਗ' ਫਿਲਮ ਬਣੀ ਤਾਂ ਜਿਥੇ ਉਹਦੀ ਮਸ਼ਹੂਰੀ ਨੂੰ ਚਾਰ ਚੰਨ ਲੱਗੇ ਉਥੇ ਉਹਦੇ ਬਾਰੇ ਦੰਦ ਕਥਾਵਾਂ ਵਿੱਚ ਵੀ ਵਾਧਾ ਹੋਇਆ। ਫਿਲਮ ਵਿੱਚ ਮਿਲਖਾ ਸਿੰਘ ਨੂੰ ਇਕੋ ਡੀਕੇ ਦੋ ਕਿਲੋ ਘਿਓ ਦਾ ਭਰਿਆ ਡੱਬਾ ਪੀਂਦਾ ਵਿਖਾਇਆ ਗਿਆ। ਫਿਰ ਡੰਡ ਕੱਢ ਕੇ ਘਿਓ ਦਾ ਦੂਜਾ ਡੱਬਾ ਵੀ ਖਾਲੀ ਕਰ ਦਿੱਤਾ!ਤਮਾਸ਼ਬੀਨ ਭੰਗੜੇ ਪਾਈ ਗਏ। ਇਹ ਬੜਾ ਵਧਾ ਚੜ੍ਹਾ ਕੇ ਵਿਖਾਇਆ ਦ੍ਰਿਸ਼ ਹੈ। ਕੋਈ ਦੌੜਾਕ ਚਾਰ ਕਿਲੋ ਘਿਓ ਨਹੀਂ ਪੀ ਸਕਦਾ। ਪੀ ਲਵੇ ਤਾਂ ਹਜ਼ਮ ਨਹੀਂ ਕਰ ਸਕਦਾ। ਮੈਲਬੌਰਨ ਦੀਆਂ ਓਲੰਪਿਕ ਖੇਡਾਂ ਸਮੇਂ ਗੋਰੀ ਕੁੜੀ ਨਾਲ ਇਸ਼ਕ ਮੁਸ਼ਕ ਵੀ ਫਿਲਮੀ ਇਸ਼ਕ ਹੈ। ਉਹਦਾ ਇਸ਼ਕਤਾਂ ਕੇਵਲ ਨਿਰਮਲ ਸੈਣੀ ਨਾਲ ਹੀ ਹੋਇਆ ਸੀ ਜੋ ਵਿਆਹ ਕਰਾਉਣ ਨਾਲ ਨੇਪਰੇ ਚੜ੍ਹਿਆ।

ਮਿਲਖਾ ਸਿੰਘ ਦੀ ਵਡਿਆਈ ਇਸ ਤੱਥ ਵਿੱਚ ਨਹੀਂ ਕਿ ਉਸ ਨੇ ਪਹਿਲਾ ਓਲੰਪਿਕ ਰਿਕਾਰਡ ਤੋੜਿਆ ਜਾਂ ਭਾਰਤ ਲਈ ਕਾਮਨਵੈਲਥ ਤੇ ਏਸ਼ਿਆਈ ਖੇਡਾਂ ਦੇ ਪੰਜ ਗੋਲਡ ਮੈਡਲ ਜਿੱਤੇ। ਉਸ ਦੀ ਵਡਿਆਈ ਤਾਂ ਇਸ ਤੱਥ ਵਿੱਚ ਹੈ ਕਿ 1947 ਦੀ ਵੱਢ-ਟੁੱਕ ਵਿੱਚ ਯਤੀਮ ਹੋਏ ਉਸ ਬਾਲਕ ਨੇ ਬਿਪਤਾਵਾਂਦੇ ਦੌਰ 'ਚੋਂ ਗੁਜ਼ਰਦਿਆਂ ਬਿਨਾਂ ਖੇਡ ਸਹੂਲਤਾਂ ਦੇ ਏਸ਼ੀਆ ਦਾ ਬੈੱਸਟ ਅਥਲੀਟ ਬਣ ਵਿਖਾਇਆ। ਉਹ ਫੀਨੈਕਸ ਵਾਂਗ ਆਪਣੀ ਰਾਖ 'ਚੋਂ ਉੱਗਿਆ। ਉਸ ਨੇ ਤਨ ਮਨ ਦੀ ਅੰਦਰਲੀ ਅੱਗ ਨੂੰ ਆਪੇ ਸੀਖ ਲਾਈ। ਧੁਖਿਆ, ਤਪਿਆ, ਬਲਿਆ ਤੇ ਚਾਨਣ ਮੁਨਾਰਾ ਬਣਿਆ! ਉਸ ਦੀ ਜੀਵਨੀ 'ਤੇ ਬਣੀ ਫਿਲਮ ਵੀ ਇਹੋ ਸੰਦੇਸ਼ ਦਿੰਦੀ ਹੈ ਕਿ ਜੁਆਨੋ ਉਠੋ, ਆਪਣੇ ਅੰਦਰਲੇ ਨੂੰ ਜਗਾਓ, ਸਖ਼ਤ ਮਿਹਨਤ ਕਰੋ ਤੇ ਕੁਝ ਕਰ ਕੇ ਵਿਖਾਓ। ਜੋ ਕੁਝ ਮਾੜੀਆਂ ਹਾਲਤਾਂ ਵਿਚ ਮਾੜਚੂ ਜਿਹੇ ਸਰੀਰ ਦੇ ਮਿਲਖਾ ਸਿੰਘ ਨੇ ਕੀਤਾ ਤੁਸੀਂ ਉਸ ਤੋਂ ਚੰਗੇਰੀਆਂ ਹਾਲਤਾਂ 'ਚ ਜੰਮ ਪਲ ਕੇ ਕਿਉਂ ਨਹੀਂ ਕਰ ਸਕਦੇ? ਕਰ ਸਕਦੇ ਹੋ ਜੇ ਨਿਸ਼ਚੈ ਕਰ ਆਪਣੀ ਜੀਤ ਕਰੋਂ ਦਾ ਦ੍ਰਿੜ ਇਰਾਦਾ ਧਾਰ ਲਵੋਂ। ਮਿਲਖਾ ਸਿੰਘ ਨਵੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸੋਮਾ ਹੈ। ਭੁੱਲੇ ਭਟਕਿਆਂ ਦਾ ਰਾਹਦਸੇਰਾ। ਖਿਡਾਰੀਆਂ ਲਈ ਰੋਲ ਮਾਡਲ।

ਮਿਲਖਾ ਸਿੰਘ ਦੇ ਸ਼ਬਦਾਂ ਵਿੱਚ ਭਾਰਤ 'ਚ ਟੇਲੈਂਟ ਦੀ ਘਾਟ ਨਹੀਂ। ਘਾਟ ਹੈ ਤਾਂ ਦ੍ਰਿੜ ਇਰਾਦੇ ਦੀ ਹੈ, ਅਨੁਸਾਸ਼ਨ ਦੀ ਤੇ ਸਖ਼ਤ ਮਿਹਨਤ ਦੀ। ਘਾਟ ਕਥਨੀ ਦੀ ਨਹੀਂ, ਕਰਨੀ ਦੀ ਹੈ। ਗੱਲੀਂ ਬਾਤੀਂ ਸਾਡੇ ਅਖੌਤੀ ਨੇਤਾ 'ਮਹਾਨ'ਕਹੇ ਜਾਂਦੇ ਹਨ ਪਰ ਨਿਬੇੜੇ ਤਾਂ ਅਮਲਾਂ 'ਤੇ ਹੀ ਹੋਣੇ ਹੁੰਦੇ ਹਨ! ਪਿੜ ਭਾਵੇਂ ਖੇਡਾਂ ਦਾ ਹੋਵੇ, ਸਿਆਸਤ ਦਾ ਹੋਵੇ, ਸਰਵਿਸ ਦਾ ਜਾਂ ਕਿਸੇ ਵੀ ਕਾਰੋਬਾਰ ਦਾ ਹੋਵੇ, ਨਿਤਾਰਾ ਅਮਲਾਂ ਨੇ ਹੀ ਕਰਨਾ ਹੁੰਦੈ। ਭਾਰਤ ਦੀ ਬਦਬਖ਼ਤੀ ਹੈ ਕਿ ਏਥੇ ਕਿਰਤ ਦੇ ਲੁਟੇਰੇਮੌਜਾਂ ਮਾਣ ਰਹੇ ਨੇ ਤੇ ਕਿਰਤੀਭੁੱਖੇ ਮਰਨ ਡਹੇ ਨੇ। ਗ਼ਰੀਬਾਂ ਨੂੰ ਦੋ ਮੰਨੀਆਂ ਦਾ ਫ਼ਿਕਰ ਹੈ ਜਦ ਕਿ ਅਮੀਰਾਂ ਤੋਂ ਅਣਮਿਣੀ ਦੌਲਤ ਸਾਂਭ ਨਹੀਂ ਹੁੰਦੀ। ਸਿੱਟੇ ਵਜੋਂ ਗ਼ਰੀਬ ਹੋਰ ਗ਼ਰੀਬ ਹੋਈ ਜਾਂਦੇ ਨੇ ਤੇ ਅਮੀਰ ਹੋਰ ਅਮੀਰ! ਫਿਰ ਵੀ ਭਾਰਤ ਲਈ ਖੇਡਾਂ ਦੇ ਜਿੰਨੇ ਮੈਡਲ ਗ਼ਰੀਬ ਘਰਾਂ ਦਿਆਂ ਬੱਚਿਆਂ ਨੇ ਜਿੱਤੇ ਹਨ ਅਮੀਰ ਘਰਾਂ ਦੇ ਲਾਡਲਿਆਂ ਨੇ ਉਹਦਾ ਦਸਵਾਂ ਹਿੱਸਾ ਵੀ ਨਹੀਂ ਜਿੱਤੇ।

ਇਕਕਿਸਾਨ ਘਰ ਦਾ ਜੰਮਪਲ ਹੋ ਕੇ, ਅਨਾਥ ਹੋ ਕੇ, ਬਚਪਨ ਟੁਕੜੇ ਟੁਕੜੇ ਕਰਾ ਕੇ, ਉਜੜ ਪੁੱਜੜ ਕੇ, ਜੇਲ੍ਹ ਜਾ ਕੇ, ਅੰਤਾਂ ਦੀਆਂ ਔਖਿਆਈਆਂ 'ਚੋਂ ਲੰਘ ਕੇ, ਵੱਡੀ ਉਮਰ 'ਚ ਦੌੜ ਸ਼ੁਰੂ ਕਰ ਕੇ ਤੇ ਫਿਰ ਵੀ ਦੌੜ ਦਾ ਬਾਦਸ਼ਾਹ ਬਣ ਕੇ ਜੋ ਮਿਸ਼ਾਲ ਮਿਲਖਾ ਸਿੰਘ ਨੇ ਜਗਾਈ ਉਸ ਨੂੰ ਸਲਾਮ ਹੈ! ਇਹੋ ਮਿਸ਼ਾਲ ਹਰ ਬੱਚੇ ਨੂੰ, ਜੁਆਨ ਨੂੰ, ਇਨਸਾਨ ਨੂੰ ਉੱਚੀਆਂ ਉਡਾਰੀਆਂ ਭਰਨ ਲਈ ਉਕਸਾ ਸਕਦੀ ਹੈ। ਉਨ੍ਹਾਂ ਲਈ ਰਾਹਦਸੇਰਾ ਹੋ ਸਕਦੀ ਹੈ, ਰਹਿਬਰ ਬਣ ਸਕਦੀ ਹੈ। ਮਿਲਖਾ ਸਿੰਘ ਦੀ ਦੌੜ ਕੇਵਲ ਛੋਹਲੇ ਕਦਮਾਂ ਦੀ ਦੌੜ ਨਹੀਂ ਬਲਕਿ ਹਰ ਬਾਲਕ ਅੰਦਰ ਛੁਪੀਆਂ ਪਈਆਂ ਬੇਅੰਤ ਸੰਭਾਵਨਾਵਾਂ ਜਗਾਉਣ ਦੀ ਦੌੜ ਹੈ। ਬੱਸ ਦ੍ਰਿੜ ਇਰਾਦਾ, ਲਗਾਤਾਰ ਲਗਨ ਤੇ ਅਣਥੱਕ ਮਿਹਨਤ ਮਿਲਖਾ ਸਿੰਘ ਵਰਗੀ ਹੋਣੀ ਚਾਹੀਦੀ ਹੈ। ਫਿਰ ਦਿੱਲੀ ਦੂਰ ਨਹੀਂ!






# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

# CAPITAL DRUG TESTING

Capital DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




# ਆਪਣੇ ਬੱਚੇ ਲਈ ਇੱਕ ਆਦਰਸ਼ ਪਰਿਵਾਰਕ ਮਾਹੌਲ ਬਣਾਓ

ਸੁਰਜੀਤ ਸਿੰਘ ਫਲੋਰਾ

ਤੁਹਾਡੇ ਕੋਲ ਆਪਣੇ ਬੱਚੇ ਦੀਆਂ ਖੂਬੀਆਂ ਅਤੇ ਕਮਜ਼ੋਰੀਆਂ ਨੂੰ ਸੱਚਮੁੱਚ ਸਮਝਣ ਦਾ ਮੌਕਾ ਹੁੰਦਾ ਹੈ। ਪਰ ਕੰਮ ਕਾਜ਼ ਦੀ ਦੌੜ ਵਿਚ ਅਸੀਂ ਕਦੇ ਇਹਨਾਂ ਗੱਲਾਂ ਵੱਲ ਧਿਆਨ ਹੀ ਨਹੀਂ ਦਿੰਦੇ । ਜਿਥੇ ਕਿ ਬਿਨਾਂ ਕਿਸੇ ਨਿਰਣੇ ਦੇ ਹਰੇਕ ਖੇਤਰ ਵਿੱਚ ਉਹਨਾਂ ਦੇ ਵਿਕਾਸ ਲਈ ਬਰਾਬਰ ਸਹਾਇਤਾ ਪ੍ਰਦਾਨ ਕਰਦੇ ਹੋਏ, ਉਨ੍ਹਾਂ ਲਈ ਤੁਹਾਡਾ ਪਿਆਰ ਅਟੁੱਟ ਅਤੇ ਬੇ ਸ਼ਰਤ ਹੋਣਾ ਚਾਹਿਮਦਾ ਹੈ। ਵਿਦਿਅਕ, ਐਥਲੈਟਿਕ, ਵਿ-ਗਆਨਕ, ਗਣਿਤਿਕ, ਕਲਾਤਮਕ, ਅਤੇ ਹੋਰ ਬਹੁਤ ਕੁਝ ਜਿਸ ਵਾਰੇ ਤੁਸੀਂ ਉਹਨਾਂ ਨਾਲ ਸਾਂਝ ਪਾ ਸਕਦੇ ਹੋ।

ਸੱਚਮੁੱਚ! ਇਹ ਧਿਆਨ ਵਿੱਚ ਰੱਖਣਾ ਮਹੱਤਵਪੂਰਨ ਹੈ ਕਿ ਬੱਚੇ ਦੇ ਆਲੇ ਦੁਆਲੇ ਦੇ ਮਾਹੌਲ ਦਾ ਉਹਨਾਂ 'ਤੇ ਬਹੁਤ ਪ੍ਰਭਾਵ ਹੁੰਦਾ ਹੈ। ਜੇ ਵਾਤਾਵਰਣ ਪਾਲਣ-ਪੋਸ਼ਣ, ਸਹਾਇਕ ਅਤੇ ਹਮਦਰਦ ਹੈ, ਤਾਂ ਉਹ ਇੱਕ ਸਵੈ-ਭਰੋਸੇਮੰਦ ਅਤੇ ਦਇਆਵਾਨ , ਕਾਮਯਾਬ ਸਫ਼ਲ ਵਿਅਕਤੀ ਬਣ ਸਕਦੇ ਹਨ।

ਇਸ ਤੋਂ ਇਲਾਵਾ, ਤੁਹਾਡੇ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣਾ ਮਹੱਤਵਪੂਰਨ ਹੈ, ਉਹਨਾਂ ਨੂੰ ਸਮਾਜ ਦੇ ਨਕਾਰਾਤਮਕ ਪ੍ਰਭਾਵਾਂ ਤੋਂ ਬਚਾਉਣਾ ਜਦੋਂ ਤੱਕ ਉਹਨਾਂ ਵਿੱਚ ਉਹਨਾਂ ਦਾ ਸਾਮ੍ਹਣਾ ਕਰਨ ਲਈ ਲਚਕੀਲਾਪਣ ਪੈਦਾ ਨਹੀਂ ਹੁੰਦਾ ਹੈ। ਉਨ੍ਹਾਂ ਨੂੰ ਨਸ਼ਿਆਂ ਅਤੇ ਧੱਕੇਸ਼ਾਹੀ ਦੇ ਮਾੜੇ ਪ੍ਰਭਾਵਾਂ ਤੋਂ ਮੁਕਤ, ਪਾਲਣ ਪੋਸ਼ਣ ਵਾਲਾ ਬਚਪਨ ਪ੍ਰਦਾਨ ਕਰਨਾ ਮਹੱਤਵਪੂਰਨ ਹੈ। ਇਸ ਨਾਲ ਉਹ ਸਾਫ਼-ਸੁਥਰੇ ਅਤੇ ਸਿਹਤਮੰਦ ਵਾਤਾਵਰਨ ਵਿੱਚ ਵਿਕਸਤ ਹੋ ਸਕਣਗੇ ਜਿੱਥੇ ਉਨ੍ਹਾਂ ਦੇ ਵਿਲੱਖਣ ਗੁਣਾਂ ਦੀ ਆਲੋਚਨਾ ਕਰਨ ਦੀ ਬਜਾਏ ਜਸ਼ਨ ਮਨਾਏ ਜਾਂਦੇ ਹਨ। ਆਪਣੇ ਬੱਚਿਆਂ ਲਈ ਇੱਕ ਸਕਾਰਾਤਮਕ ਮਿਸਾਲ ਕਾਇਮ ਕਰਨ ਲਈ ਆਪਣੇ ਘਰ ਵਿੱਚ ਸ਼ਰਾਬ- ਡਰੱਗ ਜਾਂ ਕਿਸੇ ਵੀ ਨਸ਼ੇ ਤੋਂ ਦੂਰ ਰਹਿਣਾ ਮਹੱਤਵਪੂਰਨ ਹੈ। ਜਦੋਂ ਉਹ ਢੁਕਵੀਂ ਉਮਰ 'ਤੇ ਪਹੁੰਚ ਜਾਂਦੇ ਹਨ, ਤਾਂ ਉਨ੍ਹਾਂ ਕੋਲ ਸ਼ਰਾਬ ਪੀਣ ਦਾ ਵਿਕਲਪ ਹੁੰਦਾ ਹੈ ਜੇਕਰ ਉਹ ਚਾਹੁਣ ਤਾਂ ।

ਹਾਲਾਂਕਿ, ਉਹਨਾਂ ਲਈ ਪ੍ਰਭਾਵ ਅਧੀਨ ਗੱਡੀ ਚਲਾਉਣ ਦੇ ਗੰਭੀਰ ਪ੍ਰਭਾਵਾਂ ਨੂੰ ਸਮਝਣਾ ਮਹੱਤਵਪੂਰਨ ਹੈ। ਉਹਨਾਂ ਨੂੰ ਸ਼ਰਾਬ ਤੇ ਡਰੱਗ ਦੇ ਸੇਵਨ ਕਾਰਨ ਹੋਏ ਕਾਰ ਹਾਦਸਿਆਂ ਦੀਆਂ ਤਸਵੀਰਾਂ ਦਿਖਾਉਣਾ ਸੰਭਾਵੀ ਖ਼ਤਰਿਆਂ ਨੂੰ ਦਰਸਾਉਣ ਵਿੱਚ ਮਦਦ ਕਰ ਸਕਦਾ ਹੈ। ਆਪਣੇ ਬੱਚਿਆਂ ਨੂੰ ਜ਼ਿੰਮੇਵਾਰ ਬਾਲਗ ਬਣਾਉਣ ਦੇ ਇਰਾਦੇ ਨਾਲ ਪਾਲੋ। ਸਮਰਪਣ ਅਤੇ ਪ੍ਰਮਾਤਮਾ ਦੀ ਕਿਰਪਾ ਨਾਲ, ਤੁਹਾਡੇ ਬੱਚੇ ਵੱਡੇ ਹੋ ਕੇ ਪੂਰੇ ਕਰੀਅਰ ਬਣਾਉਣਗੇ ਜਿਸ ਬਾਰੇ ਉਹ ਭਾਵੁਕ ਹਨ।

ਸੱਚਮੁੱਚ! ਤੁਹਾਡੇ ਬੱਚੇ ਦੇ ਵਿਕਾਸ ਲਈ ਇੱਕ ਆਦਰਸ਼ ਪਰਿਵਾਰਕ ਮਾਹੌਲ ਬਹੁਤ ਜ਼ਰੂਰੀ ਹੈ। ਭਾਵਨਾਤਮਕ ਤੰਦਰੁਸਤੀ ਅਤੇ ਕਦਰਾਂ-ਕੀਮਤਾਂ ਅਤੇ ਅਨੁਸ਼ਾਸਨ ਪੈਦਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਪਰਿਵਾਰਕ ਇਕਾਈ ਤੁਹਾਡੇ ਬੱਚੇ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਮੇਰੇ ਤਜ਼ਰਬੇ ਦੇ ਆਧਾਰ 'ਤੇ, ਮੈਂ ਦੇਖਿਆ ਹੈ ਕਿ ਬੱਚਿਆਂ ਨੂੰ ਅਕਸਰ ਆਪਣੇ ਘਰਾਂ ਦੇ ਅੰਦਰ ਆਪਣੇ ਆਪ ਦੀ ਭਾਵਨਾ ਲੱਭਣ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਤੀਜੇ ਵਜੋਂ, ਉਹ ਸਕੂਲ ਦੇ ਮਾਹੌਲ ਜਾਂ ਦੂਜਿਆਂ ਦੇ ਘਰਾਂ ਵਿੱਚ ਆਰਾਮ ਅਤੇ ਸੁਰੱਖਿਆ ਦੀ ਭਾਵਨਾ ਦੀ ਭਾਲ ਕਰਦੇ ਹਨ। ਕਿਉਂ? ਕੁਝ ਪਰਿਵਾਰਾਂ ਨੂੰ ਹਿੰਸਾ ਦੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਦੋਂ ਕਿ ਦੂਸਰੇ ਅਪਮਾਨ-ਜਨਕ ਭਾਸ਼ਾ, ਲੜਾਈ ਝਗੜੇ, ਗਾਲੀ ਗਲੋਚ ਵਾਲੇ ਮਹੌਲ ਵਿਚ ਵੱਡੇ ਹੋਣ ਤਾਂ ਉਹਨਾਂ ਦਾ ਨੇਚਰ ਰਾਵਇਆਂ ਵੀ ਚਿੜਚਿੜਾ ਹੋ ਜਾਂਦਾ ਹੈ। ਇਸ ਤੋਂ ਇਲਾਵਾ, ਕੁਝ ਪਰਿਵਾਰਾਂ ਨੂੰ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜੋ ਦੂਜਿਆਂ ਨਾਲ ਸਿਹਤਮੰਦ ਰਿਸ਼ਤੇ ਬਣਾਉਣ ਦੀ ਉਨ੍ਹਾਂ ਦੀ ਯੋਗਤਾ ਨੂੰ ਪ੍ਰਭਾਵਤ ਕਰਦੇ ਹਨ।

ਤੁਹਾਡੇ ਪਰਿਵਾਰ ਦੇ ਅੰਦਰ ਇੱਕ ਪਾਲਣ ਪੋਸ਼ਣ ਵਾਲਾ ਮਾਹੌਲ ਵਿਕਸਿਤ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ, ਮੈਂ ਕੁਝ ਸਭ ਤੋਂ ਮਹੱਤਵਪੂਰਨ ਕਾਰਕਾਂ ਦੀ ਇੱਕ ਸੂਚੀ ਤਿਆਰ ਕੀਤੀ ਹੈ ਜਿਨ੍ਹਾਂ ਨੂੰ ਤੁਸੀਂ ਧਿਆਨ ਵਿੱਚ ਰੱਖਣਾ ਚਾਹੋਗੇ:

ਜਿਵੇਂ ਕਿ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨ ਵਾਲੇ ਮਾਹੌਲ ਨੂੰ ਉਤਸ਼ਾਹਿਤ ਕਰਨ ਦੁਆਰਾ ਤੁਹਾਡੇ ਪਰਿਵਾਰ ਵਿੱਚ ਵਿਸ਼ਵਾਸ ਅਤੇ ਸਮਝ ਸਥਾਪਤ ਕਰਨਾ ਸੰਭਵ ਹੈ। ਜਦੋਂ ਬੱਚਿਆਂ ਨੂੰ ਨਿਰਣਾ ਕੀਤੇ ਜਾਣ ਦੇ ਡਰ ਤੋਂ ਬਿਨਾਂ ਆਪਣੇ ਵਿਚਾਰਾਂ, ਭਾਵਨਾਵਾਂ ਅਤੇ ਚਿੰਤਾਵਾਂ ਨੂੰ ਸੰਚਾਰ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਉਹਨਾਂ ਨੂੰ ਆਪਣੀਆਂ ਮੁਸ਼ਕਲਾਂ ਸਾਂਝਿਆ ਕਰਨ ਵਿਚ ਕਾਫ਼ੀ ਸੁਰੱਖਿਅਤ ਮਹਿਸੂਸ ਹੁੰਦੀ ਹੈ ਤੇ ਉਹ ਬੇਝਿਜਕ ਮਾਂ ਬਾਪ ਨਾਲ ਸਭ ਕੁਝ ਸਾਂਝਿਆ ਕਰਦੇ ਹਨ।

ਬੱਚਿਆਂ ਦੀਆਂ ਪ੍ਰਾਪਤੀਆਂ ਅਤੇ ਯਤਨਾਂ ਨੂੰ ਸਵੀਕਾਰ ਕਰਨਾ ਅਤੇ ਪ੍ਰਸ਼ੰਸਾ ਕਰਨਾ ਉਹਨਾਂ ਦੇ ਸਵੈ-ਮਾਣ ਅਤੇ ਮਨੋਵੱਲ ਨੂੰ ਵਧਾਉਂਦਾ ਹੈ। ਸਕਾਰ-ਾਤਮਕ ਪੁਸ਼ਟੀ ਲੋੜੀਂਦੇ ਵਿਵਹਾਰ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਤੁਹਾਡੇ ਨੌਜਵਾਨ ਨੂੰ ਕਦਰ ਅਤੇ ਸਤਿਕਾਰ ਮਹਿਸੂਸ ਕਰਦੇ ਹੋਏ ਮਹਾਨਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੀ ਹੈ।

ਸਪੱਸ਼ਟ ਸੀਮਾਵਾਂ ਅਤੇ ਉਮੀਦਾਂ ਬੱਚਿਆਂ ਨੂੰ ਉਚਿਤ ਵਿਵਹਾਰ ਨੂੰ ਸਮਝਣ ਅਤੇ ਸੁਰੱਖਿਆ ਦੀ ਭਾਵਨਾ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦੀਆਂ ਹਨ। ਪਿਆਰੀਆਂ ਯਾਦਾਂ ਨੂੰ ਬਣਾਉਣਾ ਅਤੇ ਪਰਿਵਾਰਕ ਸਬੰਧਾਂ ਨੂੰ ਡੂੰਘਾ ਕਰਨਾ ਅਰਥਪੂਰਨ ਪਰਿਵਾਰਕ ਸਮੇਂ ਦੇ ਨਤੀਜੇ ਹਨ। ਭੋਜਨ, ਸਾਹਸ, ਅਤੇ ਖੇਡ ਸ਼ਾਮਾਂ ਲਈ ਇੱਕ ਪਰਿਵਾਰ ਦੇ ਰੂਪ ਵਿੱਚ ਇਕੱਠੇ ਹੋਣਾ ਸਾਰਿਆਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ। ਪਰਿਵਾਰਕ ਸਮਾਂ ਤੁਹਾਡੇ ਬੱਚੇ ਨੂੰ ਦਰਸਾਉਂਦਾ ਹੈ ਕਿ ਤੁਸੀਂ ਉਹਨਾਂ ਦੀ ਕਿੰਨੀ ਕਦਰ ਕਰਦੇ ਹੋ ਅਤੇ ਉਹਨਾਂ ਨੂੰ ਇੱਕ ਪਰਿਵਾਰਕ ਮੈਂਬਰ ਵਜੋਂ ਮੰਨਦੇ ਹੋ।

ਉਹ ਗਤੀਵਿਧੀਆਂ ਜੋ ਬੰਧਨ ਨੂੰ ਉਤਸ਼ਾਹਿਤ ਕਰਦੀਆਂ ਹਨ, ਜਿਵੇਂ ਕਿ ਇਕੱਠੇ ਪੜ੍ਹਨਾ, ਖੇਡਾਂ ਖੇਡਣਾ, ਇਕੱਠੇ ਖਾਣਾ ਪਕਾਉਣਾ, ਜਾਂ ਸਿਰਫ਼ ਚਰਚਾ ਕਰਨਾ, ਤੁਹਾਡੇ ਰਿਸ਼ਤੇ ਨੂੰ ਮਜ਼ਬੂਤ ਕਰਨ ਦੇ ਸਾਰੇ ਵਧੀਆ ਤਰੀਕੇ ਹਨ। ਦਿਖਾਉ ਕਿ ਤੁਸੀਂ ਉਹਨਾਂ ਦੇ ਸ਼ੌਕ ਅਤੇ ਰੁਚੀਆਂ ਵਿੱਚ ਦਿਲਚਸਪੀ ਰੱਖਦੇ ਹੋ, ਅਤੇ ਉਹਨਾਂ ਨੂੰ ਉਹਨਾਂ ਦੇ ਜੀਵਨ ਵਿੱਚ ਇੱਕ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕਰੋ।

ਬੱਚਿਆਂ ਨੂੰ ਚੋਣ ਕਰਨ ਅਤੇ ਉਹਨਾਂ ਦੀ ਉਮਰ ਦੇ ਅਨੁਕੂਲ ਕਾਰਜ ਕਰਨ ਲਈ ਉਤਸ਼ਾਹਿਤ ਕਰਨਾ ਉਹਨਾਂ ਨੂੰ ਸੁਤੰਤਰਤਾ ਅਤੇ ਸਵੈ-ਵਿਸ਼ਵਾਸ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ। ਆਪਣੇ ਬੱਚੇ ਨੂੰ ਦਿਸ਼ਾ ਪ੍ਰਦਾਨ ਕਰਦੇ ਹੋਏ ਉਹਨਾਂ ਦੀਆਂ ਗਲਤੀਆਂ ਤੋਂ ਸਿੱਖਣ ਦੇ ਕੇ ਲਚਕੀਲੇਪਨ ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਵਿਕ-ਸਿਤ ਕਰਨ ਵਿੱਚ ਮਦਦ ਕਰੋ।

ਲਗਾਤਾਰ ਦਿਆਲਤਾ, ਹਮਦਰਦੀ ਅਤੇ ਆਦਰ ਦਿਖਾ ਕੇ ਇੱਕ ਚੰਗੀ ਮਿਸਾਲ ਕਾਇਮ ਕਰੋ। ਉਹ ਵਿਵਹਾਰ ਦਿਖਾਉ ਜੋ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਰੀਸ ਕਰਨ। ਆਪਣੇ ਕੰਮਾਂ ਅਤੇ ਸ਼ਬਦਾਂ ਵਿੱਚ ਇਹਨਾਂ ਕੀਮਤਾਂ ਨੂੰ ਲਗਾਤਾਰ ਪ੍ਰਦਰਸ਼ਿਤ ਕਰਕੇ ਈਮਾਨਦਾਰੀ, ਜ਼ਿੰਮੇਵਾਰੀ ਅਤੇ ਹਮਦਰਦੀ ਦੀ ਮਹੱਤਤਾ 'ਤੇ ਜ਼ੋਰ ਦਿਉ।

ਆਪਣੇ ਬੱਚੇ ਨੂੰ ਉਹਨਾਂ ਦੀਆਂ ਭਾਵਨਾਵਾਂ ਦੀ ਸਮਝ ਵਿਕਸਿਤ ਕਰਨ ਅਤੇ ਉਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਣ ਲਈ ਉਤਸ਼ਾਹਿਤ ਕਰੋ। ਦੂਜਿਆਂ ਦੀਆਂ ਭਾਵਨਾਵਾਂ ਪ੍ਰਤੀ ਹਮਦਰਦੀ ਅਤੇ ਸਮਝ ਦੇ ਵਿਕਾਸ ਨੂੰ ਉਤਸ਼ਾਹਿਤ ਕਰੋ, ਕਿਉਂਕਿ ਇਹ ਸਕਾਰਾਤਮਕ ਅਤੇ ਅਰਥਪੂਰਨ ਸਬੰਧ ਪੈਦਾ ਕਰਨ ਲਈ ਜ਼ਰੂਰੀ ਜੀਵਨ ਹੁਨਰ ਹਨ।

ਅੰਤ ਵਿੱਚ, ਇਹ ਧਿਆਨ ਵਿੱਚ ਰੱਖੋ ਕਿ ਬੱਚੇ ਨਿਰੀਖਣ ਦੁਆਰਾ ਸਿੱਖਦੇ ਹਨ, ਇਸ ਲਈ ਤੁਹਾਡੇ ਲਈ ਇਹ ਮਹੱਤਵਪੂਰਣ ਹੈ ਕਿ ਤੁਸੀਂ ਆਪਣੇ ਬੱਚੇ ਵਿੱਚ ਉਹ ਵਿਵਹਾਰ ਅਤੇ ਕਦਰਾਂ-ਕੀਮਤਾਂ ਦਾ ਪ੍ਰਦਰਸ਼ਨ ਕਰੋ ਜੋ ਤੁਸੀਂ ਆਪਣੇ ਬੱਚੇ ਵਿੱਚ ਪੈਦਾ ਕਰਨਾ ਚਾਹੁੰਦੇ ਹੋ। ਆਪਣੇ ਬੱਚੇ ਲਈ ਇੱਕ ਸਕਾਰ-ਾਤਮਕ ਰੋਲ ਮਾਡਲ ਸਥਾਪਤ ਕਰਨ ਲਈ ਦੂਜਿਆਂ ਪ੍ਰਤੀ ਦਇਆ, ਇਮਾਨਦਾਰੀ ਅਤੇ ਵਿਚਾਰ ਦਿਖਾਉ।

The Mortgage Centre
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

URGENTLY NEED NEW LISTINGS IN BRAMPTON/CALEDON



visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE

CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED IN YOUR NEIGHBOURHOOD

**Sandalwood & Sunny Meadow Blvd**




ਬਹੁਤ ਹੀ ਵਧੀਆ ਲੋਕੇਸ਼ਨ ਉੱਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਰਨਰ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

**James Potter/Queen/Bonnie Brae**



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉੱਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉੱਤੇ ਲਾਉਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

**Caledon Ontario (Dir/Cross St:Mayfield/ Mclaughlin/Tweedhill)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉੱਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

**Bramalea/Father Tobin /Fernfor**



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜ਼ਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜ਼ਲ 'ਤੇ ਲਾਉਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232
JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT

LOCAL & LONG DISTANCE MOVING

H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES


afc
Asian Food Centre
WE'RE HERE TO SERVE
ONLY THE BEST
PRODUCTS FOR YOU.
FRESH
FRUITS &
VEGETABLES
Healthy
& fresh
grocery
Variety of
Indian Sweets
Available
OPEN
NOW
340 Woodlawn RD
Guelph, N1H 7K6
ETOBICOKE
10 Westmore Dr. MEAT SHOP AVAILABLE
416-740-3262
MISSISSAUGA
1075 Ceremonial Dr MEAT SHOP AVAILABLE
905-502-1600
BRAMPTON
621 Wanless Dr. MEAT SHOP AVAILABLE
905-495-3336
BRAMPTON
2120 N Park Dr. MEAT SHOP AVAILABLE
905-793-1338
BRAMPTON
80 Pertosa Dr.
905-460-0009
TOLL FREE
1-800-708-9232
BRAMPTON
40 Airport RD & Lacoste Blvd. MEAT SHOP AVAILABLE
905-794-8109
BRAMPTON
10510 Torbram Rd.
905-790-0030
BRAMPTON
10 Pannahill Dr. MEAT SHOP AVAILABLE
905-913-8017
GUELPH
340 Woodlawn Rd W
226-669-0004
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media